### ਅਧਿਆਇ 32

# ਯਾਕੂਬ ਅਤੇ ਏਸਾਓ ਦਾ ਪੁਨਰਮੇਲ (ਭਾਗ 1)

ਲਾਬਾਨ ਅਤੇ ਯਾਕੂਬ ਦੇ ਆਪਸ ਵਿਚ ਨੇਮ ਬੰਨ੍ਹਣ ਤੋਂ ਬਾਅਦ, ਲਾਬਾਨ ਅਤੇ ਉਸ ਦੀ ਟੋਲੀ ਵਾਪਸ ਹਾਰਾਨ ਨੂੰ ਮੁੜ ਗਏ, ਜਦ ਕਿ ਯਾਕੂਬ ਅਤੇ ਉਸ ਦੇ ਪਰਿਵਾਰ ਨੇ ਆਪਣੇ ਘਰ ਜਾਣ ਦੇ ਲਈ ਕਨਾਨ ਦੇਸ ਦੇ ਸਫਰ ਨੂੰ ਜਾਰੀ ਰੱਖਿਆ। ਦੋਵੇਂ ਸਮੂਹ ਪੂਰਣ ਸ਼ਾਤੀ ਨਾਲ ਵਿਦਾ ਹੋ ਗਏ; ਪਰ ਬਹੁਤ ਛੇਤੀ ਹੀ ਯਾਕੂਬ ਦਾ ਸਾਹਮਣਾ ਆਪਣੇ ਭਰਾ ਏਸਾਓ ਨਾਲ ਹੋਵੇਗਾ, ਜਿਸ ਦੇ ਕਰੋਧ ਤੋਂ ਉਹ ਕਈ ਸਾਲ ਪਹਿਲਾਂ ਭੱਜਾ ਸੀ।

## ਯਾਕੂਬ ਦਾ ਆਪਣੇ ਘਰ ਜਾਂਦਿਆਂ ਦੂਤਾਂ ਨਾਲ ਮਿਲਣਾ (32:1, 2)

**1ਯਾਕੂਬ ਆਪਣੇ ਰਾਹ ਪੈ ਗਿਆ ਤਾਂ ਪਰਮੇਸ਼ੁਰ ਦੇ ਦੂਤ ਉਸ ਨੂੰ ਮਿਲੇ। 2ਅਰ ਯਾਕੂਬ ਨੇ ਉਨ੍ਹਾਂ ਨੂੰ ਵੇਖ ਕੇ ਆਖਿਆ ਕਿ ਏਹ ਤਾਂ ਪਰਮੇਸ਼ੁਰ ਦਾ ਲਸ਼ਕਰ ਹੈ ਅਰ ਉਸ ਥਾਂ ਦਾ ਨਾਉਂ ਮਹਨਾਯਿਮ ਰੱਖਿਆ।**

**ਆਇਤ 1.** ਜਦੋਂ **ਯਾਕੂਬ** ਗਿਲਆਦ ਦੇ ਪਹਾੜੀ ਦੇਸ ਵਿਚ ਦੱਖਣ ਵੱਲ ਨੂੰ ਗਿਆ, ਜੋ ਕਿ ਯਰਦਨ ਨਦੀ ਦੇ ਪੂਰਬ ਵੱਲ ਹੈ, **ਪਰਮੇਸ਼ੁਰ ਦੇ ਦੂਤ ਉਸ ਨੂੰ ਮਿਲੇ**। ਵੀਹ ਵਰਹੇ ਪਹਿਲਾਂ, ਜਦੋਂ ਯਾਕੂਬ ਆਪਣੇ ਏਸਾਓ ਦੇ ਕਰੋਧ ਤੋਂ ਭੱਜ ਰਿਹਾ ਸੀ, ਬੈਤਏਲ ਵਿਚ ਉਸ ਨੇ ਇਕ ਸੁਫਨਾ ਵੇਖਿਆ ਜਿਸ ਦੇ ਵਿਚ ਉਸ ਨੇ "ਪਰਮੇਸ਼ੁਰ ਦੇ ਦੂਤਾਂ" ਨੂੰ ਵੇਖਿਆ ਸੀ; ਉਹ ਇਕ ਪੌੜੀ ਉੱਤੇ ਜਿਸ ਦੀ ਚੋਟੀ ਅਕਾਸ਼ ਤੀਕ ਸੀ ਚੜ੍ਹਦੇ ਉੱਤਰਦੇ ਸਨ (28:12)। ਇਸ ਲਈ, ਦੂਤਾਂ ਦੇ ਪਰਗਟਾਵਿਆਂ ਨੇ ਯਾਕੂਬ ਦੇ ਹਾਰਾਨ ਤੱਕ ਦੇ ਸਫਰ ਨੂੰ ਸਫਲ ਬਣਾਇਆ ਸੀ।

**ਆਇਤ 2.** ਦੂਤਾਂ ਨੂੰ ਵੇਖ ਕੇ, ਯਾਕੂਬ ਨੇ ਪੁਕਾਰ ਕੇ ਆਖਿਆ, **ਏਹ ਤਾਂ ਪਰਮੇਸ਼ੁਰ ਦਾ ਲਸ਼ਕਰ ਹੈ**।[1] ਉਨ੍ਹਾਂ ਦੇ ਪਰਗਟਾਵੇ ਦੇ ਕਾਰਣ ਪੁਰਖੇ ਨੇ ਉਸ ਥਾਂ ਦਾ ਨਾਉਂ ਮਹਨਾਯਿਮ ਰੱਖਿਆ, ਪਰ ਇਸ ਦੀ ਸਹੀ ਥਾਂ ਕੀ ਸੀ ਇਸ ਦੇ ਬਾਰੇ ਕੋਈ ਨਹੀਂ ਜਾਣਦਾ।[2] ਉਸ ਨਾਉਂ ਦੀ ਮਹੱਤਤਾ ਕੀ ਹੈ? "ਮਹਨਾਯਿਮ" ਰੂਪ ਵਿਚ ਦੋਹਰਾ ਹੈ ਅਤੇ ਇਸ ਦਾ ਅਰਥ ਹੈ "ਦੋ ਡੇਰੇ।" "ਡੇਰੇ" (מַחֲנֶה, *ਮਚਾਨੇਹ)* ਲਈ ਇਕਵਚਨ ਸ਼ਬਦ ਨੂੰ ਅਕਸਰ ਸੈਨਕ ਭਾਵ ਵਿਚ ਵਰਤਿਆ ਜਾਂਦਾ ਹੈ (ਕੂਚ 14:24; ਨਿਆਈਆਂ 7:9-11; 1 ਇਤਹਾਸ 12:22), ਜੋ ਕਿ ਇੱਥੇ ਵਿਚਾਰ ਹੋਵੇਗਾ। ਪਰਮੇਸ਼ੁਰ ਦੇ ਦੂਤਾਂ ਦੀ ਸੁਰਗੀ ਸੈਨਾ (ਇਕ ਡੇਰੇ) ਦਾ ਪਰਗਟ ਹੋਣਾ ਪੁਰਖੇ ਅਤੇ ਜੋ ਲੋਕ ਉਸ ਦੇ ਨਾਲ ਸਨ (ਇਕ ਹੋਰ ਡੇਰਾ) ਉਨ੍ਹਾਂ ਦੇ ਲਈ ਰੱਬੀ ਸੁਰੱਖਿਆ ਦਾ ਸਬੂਤ ਪੇਸ਼ ਕਰਦਾ ਸੀ ਜਦੋਂ ਉਹ ਕਨਾਨ ਨੂੰ ਗਏ।[3] ਬੇਸ਼ੱਕ ਯਹੋਵਾਹ ਜਾਣਦਾ ਸੀ ਕਿ ਏਸਾਓ ਬਹੁਤ ਛੇਤੀ

ਹੀ ਆਪਣੇ ਚਾਰ ਸੌ ਆਦਮੀਆਂ ਨਾਲ ਆਵੇਗਾ (32:6), ਜਿਹੜੇ ਕਿ ਉਸ ਦੇ ਭਰਾ ਅਤੇ ਉਸ ਦੀ ਟੋਲੀ ਨਾਲ ਸੰਭਾਵਿਤ ਯੁੱਧ ਕਰਨ ਦੇ ਲਈ ਤਿਆਰ ਸਨ। ਦਰਸ਼ਣ ਨੇ ਯਾਕੂਬ ਦੇ ਡੇਰੇ ਨੂੰ ਪਰਮੇਸ਼ੁਰ ਦੇ ਦੂਤਾਂ ਦੇ ਡੇਰੇ ਦੀ ਸੁਰੱਖਿਆ ਹੇਠ ਵਿਖਾਇਆ। ਇਸ ਗਿਆਨ ਨੇ ਸੰਭਾਵਿਤ ਤੌਰ ਤੇ ਖ਼ਤਰਨਾਕ ਟਾਕਰੇ ਦੇ ਬਾਵਜੂਦ ਪੁਰਖੇ ਨੂੰ ਉਤਸ਼ਾਹਿਤ ਕੀਤਾ ਜਦੋਂ ਉਹ ਅਤੇ ਏਸਾਓ ਕਈ ਵਰਿਹਾਂ ਬਾਅਦ ਫੇਰ ਮਿਲਣ ਵਾਲੇ ਸਨ।

## ਯਾਕੂਬ ਦਾ ਏਸਾਓ ਨੂੰ ਮਿਲਣ ਦੀ ਤਿਆਰੀ ਕਰਨਾ (32:3-8)

### ਯਾਕੂਬ ਦੇ ਸੰਦੇਸੀ (32:3-5)

**3ਤਾਂ ਯਾਕੂਬ ਨੇ ਆਪਣੇ ਅੱਗੇ ਸੰਦੇਸੀਆਂ ਨੂੰ ਆਪਣੇ ਭਰਾ ਏਸਾਓ ਕੋਲ ਸ਼ੇਈਰ ਦੀ ਧਰਤੀ ਅਰ ਅਦੋਮ ਦੇ ਮਦਾਨ ਵਿੱਚ ਘੱਲਿਆ। 4ਅਰ ਉਨ੍ਹਾਂ ਨੂੰ ਹੁਕਮ ਦੇਕੇ ਆਖਿਆ ਕਿ ਤੁਸੀਂ ਮੇਰੇ ਸਵਾਮੀ ਏਸਾਓ ਨੂੰ ਆਖੋ, ਤੁਹਾਡਾ ਦਾਸ ਯਾਕੂਬ ਏਹ ਆਖਦਾ ਹੈ ਕਿ ਮੈਂ ਲਾਬਾਨ ਕੋਲ ਜਾ ਟਿਕਿਆ ਅਰ ਹੁਣ ਤੀਕ ਉੱਥੇ ਹੀ ਰਿਹਾ। 5ਮੇਰੇ ਕੋਲ ਬਲਦ ਗਧੇ ਇੱਜੜ ਅਰ ਗੋੱਲੇ ਗੋੱਲੀਆਂ ਹਨ ਅਰ ਮੈਂ ਆਪਣੇ ਸਵਾਮੀ ਨੂੰ ਏਹ ਦੱਸਣ ਲਈ ਇਨ੍ਹਾਂ ਨੂੰ ਘੱਲਿਆ ਹੈ ਭਈ ਤੁਹਾਡੀਆਂ ਅੱਖਾਂ ਵਿੱਚ ਮੇਰੇ ਲਈ ਦਇਆ ਹੋਵੇ।**

**ਆਇਤ 3.** ਉਹ ਪਲ ਜਿਸ ਤੋਂ ਯਾਕੂਬ ਇੰਨੇ ਸਾਲ ਤੋਂ ਡਰਦਾ ਰਿਹਾ ਆਖ਼ਰਕਾਰ ਆ ਹੀ ਗਿਆ: **ਉਸ ਦੇ ਭਰਾ** ਨਾਲ ਉਸ ਦਾ ਟਾਕਰਾ। ਕਿਉਂਕਿ ਉਹ ਇਹ ਚਾਹੁੰਦਾ ਸੀ ਕਿ **ਏਸਾਓ** ਇਹ ਨਾ ਸੋਚੇ ਕਿ ਉਹ ਚੋਰੀ ਛਿਪੇ ਘਰ ਵਾਪਸ ਆਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਉਸ ਨੇ **ਸ਼ੇਈਰ ਦੀ ਧਰਤੀ** ਤੇ **ਆਪਣੇ ਅੱਗੇ ਸੰਦੇਸੀਆਂ ਨੂੰ ਘੱਲਿਆ**, ਉਹ ਇਲਾਕਾ ਜੋ ਭੂਗੋਲਿਕ ਤੌਰ ਤੇ **ਅਦੋਮ** ਨਾਉਂ ਦੇ ਨਾਲ ਜਾਣਿਆ ਜਾਂਦਾ ਸੀ। ਯਾਕੂਬ ਦੇ ਅਤੀਤ ਵਿਚ ਕੀਤੇ ਗਏ ਧੋਖੇ ਅਤੇ ਛਲ ਨੇ ਉਸ ਨੂੰ ਏਸਾਓ ਦੇ ਕਰੋਧ ਤੋਂ ਡਰਨ ਦਾ ਚੰਗਾ ਕਾਰਣ ਦਿੱਤਾ ਸੀ। ਇਸ ਤੋਂ ਇਲਾਵਾ ਬਿਵਸਥਾ ਸਾਰ 2:12 ਵਿਚ ਦਿੱਤੀ ਗਈ ਜਾਣਕਾਰੀ ਪੁਰਖੇ ਦੀ ਇਸ ਚਿੰਤਾ ਦੇ ਲਈ ਕਿ ਉਸ ਦਾ ਭਰਾ ਉਸ ਨੂੰ ਕਿਵੇਂ ਕਬੂਲ ਕਰੇਗਾ, ਸੰਭਵ ਤੌਰ ਤੇ ਇਕ ਵਾਧੂ ਕਾਰਣ ਪਰਗਟ ਕਰਦੀ ਹੈ: ਹੋਰੀਆਂ ਨੇ ਸੇਈਰ ਵਿਚ ਤਦ ਤੱਕ ਆਪਣੇ ਘਰ ਬਣਾਏ ਹੋਏ ਸਨ ਜਦੋਂ ਤੱਕ ਏਸਾਓ ਦੇ ਪੁੱਤਰਾਂ ਨੇ ਆ ਕੇ ਉਨ੍ਹਾਂ ਨੂੰ ਉੱਥੋਂ ਨਹੀਂ ਕੱਢਿਆ। ਮੂਲ ਲਿਖਤ ਇਸ ਗੱਲ ਦਾ ਕੋਈ ਸੰਕੇਤ ਨਹੀਂ ਦਿੰਦੀ ਕਿ ਇਹ ਪ੍ਰਕਿਰਿਆ ਕਦੋਂ ਸ਼ੁਰੂ ਹੋਈ ਜਾਂ ਕਦੋਂ ਪੂਰੀ ਹੋਈ; ਫਿਰ ਵੀ, ਜੇਕਰ ਹੋਰੀਆਂ ਨੂੰ ਉੱਥੋਂ ਕੱਢਿਆ ਜਾ ਰਿਹਾ ਸੀ, ਤਾਂ ਯਾਕੂਬ ਨੇ ਇਸ ਦੇ ਬਾਰੇ ਜ਼ਰੂਰ ਸੁਣਿਆ ਹੋਵੇਗਾ ਜਦੋਂ ਉਹ ਆਪਣੇ ਕਾਫਿਲੇ ਨਾਲ ਉੱਤਰ-ਪੱਛਮ ਮਸੋਪੋਤਾਮੀਆ ਅਤੇ ਕਨਾਨ ਵਿਚਕਾਰ ਸਫਰ ਕਰ ਰਿਹਾ ਸੀ। ਹੋਰੀਆਂ ਦੇ ਉੱਥੋਂ ਕੱਢੇ ਜਾਣ ਦੀ ਖ਼ਬਰ ਦੇ ਨਾਲ ਹੀ ਯਾਕੂਬ ਨੂੰ ਆਪਣੇ ਭਰਾ ਦੀ ਸੈਨਕ ਸ਼ਕਤੀ ਦਾ ਅੰਦਾਜ਼ਾ ਲੱਗ ਗਿਆ ਹੋਵੇਗਾ ਅਤੇ ਇਸ ਦੇ ਕਾਰਣ ਯਾਕੂਬ ਦੇ ਮਨ ਵਿਚ ਏਸਾਓ ਨੂੰ ਮਿਲਣ ਦਾ ਡਰ ਹੋਰ ਵੀ ਜ਼ਿਆਦਾ ਵੱਧ ਗਿਆ ਹੋਵੇਗਾ।

**ਆਇਤਾਂ 4, 5.** ਆਪਣੇ ਭਰਾ ਨੂੰ ਸ਼ਾਂਤ ਕਰਨ ਦੇ ਲਈ, ਪੁਰਖੇ ਨੇ ਆਪਣੇ ਸੰਦੇਸੀਆਂ ਨੂੰ ਹੁਕਮ ਦੇ ਆਖਿਆ ਕਿ ਤੁਸੀਂ **ਏਸਾਓ** ਨੂੰ **ਯਾਕੂਬ** ਦਾ ਸਵਾਮੀ ਆਖੋ; ਉਨ੍ਹਾਂ ਨੇ ਆਪਣੇ ਸਵਾਮੀ ਨੂੰ ਉਸ ਦੇ ਵੱਡੇ ਭਰਾ ਦਾ **ਦਾਸ** ਕਹਿਣਾ ਸੀ। ਅਜਿਹੇ ਅਭਿਨੰਦਨ ਨੇ ਇਹ ਪਰਗਟ ਕਰਨਾ ਸੀ ਕਿ **ਯਾਕੂਬ** ਸ਼ਾਂਤੀਪੂਰਣ ਪੁਨਰਮੇਲ ਚਾਹੁੰਦਾ ਸੀ ਅਤੇ ਉਹ ਆਪਣੀ ਖ਼ੁੱਦ ਦੀ ਇੱਛਾ ਨਾਲ ਆਪਣੇ

ਆਪ ਨੂੰ ਏਸਾਓ ਦੇ ਅੱਗੇ ਸੌਂਪ ਕੇ ਆਪਣੀਆਂ ਹੰਕਾਰ ਵਾਲੀਆਂ ਗਲਤੀਆਂ ਨੂੰ ਸੁਧਾਰਣਾ ਚਾਹੁੰਦਾ ਸੀ ਜੋ ਉਸ ਨੇ ਏਸਾਓ ਦੇ ਪ੍ਰਤੀ ਕੀਤੀਆਂ ਸਨ। ਯਾਕੂਬ ਦੀ ਭਾਸ਼ਾ ਉਸ ਬਰਕਤ ਦੇ ਵਿਰੋਧ ਵਿਚ ਸੀ ਜੋ ਇਸਹਾਕ ਨੇ ਗਲਤੀ ਨਾਲ ਉਸ ਨੂੰ ਦੇ ਦਿੱਤੀ ਸੀ: "ਕੌਮਾਂ ਤੇਰੀ ਟਹਿਲ ਕਰਨ ... ਤੂੰ ਆਪਣੇ ਭਰਾਵਾਂ ਦਾ ਸਰਦਾਰ ਹੋ" (27:29)। ਇਹ ਏਸਾਓ ਲਈ ਇਸਹਾਕ ਦੇ ਸ਼ਬਦਾਂ ਦੇ ਵੀ ਵਿਪਰੀਤ ਸੀ: "ਤੂੰ ਆਪਣੇ ਭਰਾ ਦੀ ਟਹਿਲ ਕਰੇਂਗਾ" (27:40)।

ਇਸ ਤੋਂ ਇਲਾਵਾ, ਸੰਦੇਸੀਆਂ ਨੇ ਏਸਾਓ ਨੂੰ ਇਹ ਦੱਸਣਾ ਸੀ ਕਿ ਯਾਕੂਬ ਇਕ ਲੰਬੇ ਸਫਰ ਤੋਂ **ਲਾਬਾਨ ਕੋਲੋਂ** ਉਸ ਵਿਅਕਤੀ ਦੇ ਰੂਪ ਵਿਚ ਪਰਤ ਰਿਹਾ ਸੀ ਜਿਸ ਨੂੰ **ਬਲਦ ਗਧੇ**, ਬਹੁਤ ਸਾਰੇ **ਇੱਜੜ** ਅਤੇ ਗੋੱਲੇ ਗੋੱਲੀਆਂ ਦੀ ਭਰਪੂਰ ਬਰਕਤ ਮਿਲੀ ਸੀ। ਫਿਰ ਉਨ੍ਹਾਂ ਨੇ **ਉਸ ਦੀਆਂ** [ਏਸਾਓ ਦੀਆਂ] **ਅੱਖਾਂ ਵਿਚ ਦਇਆ** ਪਾਉਣ ਦੀ ਯਾਕੂਬ ਦੀ ਆਸ ਬਾਰੇ ਦੱਸਿਆ। "ਦਇਆ" ਲਈ ਜਿਹੜਾ ਸ਼ਬਦ ਵਰਤਿਆ ਗਿਆ ਹੈ ਉਹ ਹੈ חֵן (*ਚੇਨ)*, ਜਿਸ ਦਾ ਅਰਥ "ਕਿਰਪਾ" ਵੀ ਹੁੰਦਾ ਹੈ।[4] ਯਾਕੂਬ ਆਪਣੇ ਭਰਾ ਦੇ ਅੱਗੇ ਉਸ ਕਠੋਰ ਸਜ਼ਾ ਦੀ ਬਜਾਇ ਜਿਸ ਦੇ ਉਹ ਲਾਇਕ, ਕਿਰਪਾ, ਦਇਆ ਅਤੇ ਸਦਭਾਵਨਾ ਦੀ ਅਪੀਲ ਕਰ ਰਿਹਾ ਸੀ।

### ਸੰਦੇਸੀਆਂ ਦੇ ਵੱਲੋਂ ਡਰਾਉਣੀ ਖ਼ਬਰ (32:6-8)

**6ਤਾਂ ਯਾਕੂਬ ਦੇ ਸੰਦੇਸੀਆਂ ਨੇ ਮੁੜ ਆਕੇ ਯਾਕੂਬ ਨੂੰ ਦੱਸਿਆ ਕਿ ਅਸੀਂ ਤੇਰੇ ਭਰਾ ਏਸਾਓ ਕੋਲ ਗਏ ਸਾਂ। ਉਹ ਵੀ ਤੁਹਾਨੂੰ ਮਿਲਣ ਲਈ ਆਉਂਦਾ ਹੈ ਅਤੇ ਉਹ ਦੇ ਨਾਲ ਚਾਰ ਸੌ ਆਦਮੀ ਹਨ। 7ਤਾਂ ਯਾਕੂਬ ਅੱਤ ਭੈਮਾਨ ਹੋਇਆ ਅਤੇ ਘਬਰਾਇਆ ਉਪਰੰਤ ਉਸ ਨੇ ਆਪਣੇ ਨਾਲ ਦੇ ਲੋਕਾਂ, ਇੱਜੜਾਂ ਬਲਦਾਂ ਅਰ ਉਨ੍ਹਾਂ ਨੂੰ ਲੈਕੇ ਉਨ੍ਹਾਂ ਦੀਆਂ ਦੋ ਟੋਲੀਆਂ ਬਣਾਈਆਂ 8ਅਰ ਆਖਿਆ, ਜੇਕਰ ਏਸਾਓ ਇੱਕ ਟੋਲੀ ਉੱਤੇ ਆਣ ਪਵੇ ਅਤੇ ਉਸ ਨੂੰ ਮਾਰ ਸੁੱਟੇ ਤਾਂ ਦੂਜੀ ਟੋਲੀ ਜਿਹੜੀ ਬਾਕੀ ਰਹੇ ਬਚ ਜਾਵੇਗੀ।**

**ਆਇਤ 6. ਸੰਦੇਸੀ** ਜਿਨ੍ਹਾਂ ਨੂੰ **ਯਾਕੂਬ** ਨੇ ਘੱਲਿਆ ਸੀ ਪਰਤੱਖ ਰੂਪ ਵਿਚ **ਏਸਾਓ** ਕੋਲੋਂ ਉਮੀਦ ਕੀਤੇ ਹੋਏ ਸਮੇਂ ਤੋਂ ਪਹਿਲਾਂ ਹੀ **ਮੁੜ ਆਏ** ਸੀ। ਮੂਲ ਲਿਖਤ ਸਾਨੂੰ ਇਹ ਨਹੀਂ ਦੱਸਦੀ ਕਿ ਜਦੋਂ ਉਨ੍ਹਾਂ ਨੇ ਏਸਾਓ ਨਾਲ ਮੁਲਾਕਾਤ ਕੀਤੀ ਤਾਂ ਕੀ ਹੋਇਆ ਸੀ; ਫਿਰ ਵੀ, ਸੰਦੇਸ਼ੀਆਂ ਵੱਲੋਂ ਜੋ ਖ਼ਬਰ ਦਿੱਤੀ ਗਈ ਉਹ ਕਾਫੀ ਡਰਾਉਣੀ ਸੀ। ਉਨ੍ਹਾਂ ਨੇ ਯਾਕੂਬ ਨੂੰ ਆ ਕੇ ਦੱਸਿਆ ਕਿ ਏਸਾਓ ਆ ਰਿਹਾ ਹੈ ਅਤੇ **ਉਹ ਦੇ ਨਾਲ ਚਾਰ ਸੌ ਆਦਮੀ ਹਨ**। ਯਾਕੂਬ ਨੇ ਸੋਚਿਆ ਕਿ ਉਸ ਦੀ ਰਣਨੀਤੀ ਅਸਫ਼ਲ ਹੋ ਗਈ ਹੈ; ਸ਼ਾਇਦ ਉਸ ਦੀ ਧਨ ਦੌਲਤ ਦੇ ਬਾਰੇ ਜ਼ਿਕਰ ਕਰਨ ਦਾ ਏਸਾਓ ਤੇ ਉਲਟ ਪ੍ਰਭਾਵ ਪਿਆ ਹੋਵੇਗਾ। ਯਾਕੂਬ ਆਪਣੇ ਭਰਾ ਨੂੰ ਦੱਸਣਾ ਚਾਹੁੰਦਾ ਸੀ ਕਿ ਹੁਣ ਉਹ ਉਸ ਦੀਆਂ ਚੀਜ਼ਾਂ ਵਿੱਚੋਂ ਹਿੱਸਾ ਲੈਣ ਦੀ ਇੱਛਾ ਨਹੀਂ ਸੀ ਰੱਖਦਾ। 32:5 ਵਿਚ ਯਾਕੂਬ ਦੀ ਧਨ ਦੌਲਤ ਦੇ ਹਵਾਲਿਆਂ ਦਾ ਅਰਥ ਇਹ ਸੀ ਕਿ ਉਹ ਏਸਾਓ ਨੂੰ ਕਿਸੇ ਵੀ ਚੀਜ਼ ਦਾ ਹਰਜਾਨਾ ਭਰਨ ਦੇ ਲਈ ਤਿਆਰ ਸੀ ਜੋ ਕੁਝ ਵੀ ਏਸਾਓ ਮੰਗਦਾ। ਨਿਸ਼ਚਤ ਤੌਰ ਤੇ, ਯਾਕੂਬ ਏਸਾਓ ਨਾਲ ਪਹਿਲਾਂ ਕੀਤੇ ਗਏ ਛਲ ਅਤੇ ਧੋਖੇਬਾਜ਼ੀ ਨੂੰ ਸੁਧਾਰਣ ਦੇ ਲਈ ਉਸ ਦੇ ਪਲੌਠੇ ਹੋਣ ਦੇ ਹੱਕ ਅਤੇ ਉਸ ਅਸੀਸ ਦੇ ਘਾਟੇ ਨੂੰ ਪੂਰਾ ਕਰਨ ਦੇ ਲਈ ਏਸਾਓ ਦਾ ਦੇਣਦਾਰ ਸੀ ਜੋ ਉਸ ਨੇ ਇਸਹਾਕ ਕੋਲੋਂ ਪ੍ਰਾਪਤ ਕੀਤੀ ਸੀ ਜਦੋਂ ਇਸਹਾਕ ਮੌਤ ਦੇ ਬਿਸਤਰ ਤੇ ਸੀ।

**ਆਇਤਾਂ 7, 8. ਯਾਕੂਬ** ਨੂੰ ਤਸੱਲੀ ਦੇਣ ਦੀ ਬਜਾਇ, ਸੰਦੇਸੀਆਂ ਦੀ ਰਿਪੋਰਟ ਦੇ ਕਾਰਣ **ਯਾਕੂਬ ਅੱਤ ਭੈਮਾਨ ਹੋਇਆ ਅਤੇ ਘਬਰਾਇਆ**। ਚਾਰ ਸੌ ਆਦਮੀਆਂ ਨਾਲ ਇਕ ਵੱਡੀ ਨਿੱਜੀ

ਸੈਨਾ ਬਣ ਜਾਂਦੀ ਹੈ[5] ਅਤੇ ਏਸਾਓ ਨੇ ਇੰਨੀ ਵੱਡੀ ਸੈਨਾ ਤਦ ਤੱਕ ਨਾਲ ਲੈ ਕੇ ਨਹੀਂ ਸੀ ਆਉਣੀ ਜਦੋਂ ਤੱਕ ਉਸ ਨੇ ਜਾਂ ਤਾਂ ਯਾਕੂਬ ਦੇ ਆਦਮੀਆਂ ਵੱਲੋਂ ਹਮਲੇ ਦੀ ਉਮੀਦ ਨਾ ਕੀਤੀ ਹੁੰਦੀ ਜਾਂ ਖ਼ੁੱਦ ਆਪਣੇ ਭਰਾ ਦੇ ਵਿਰੁੱਧ ਹਮਲਾ ਕਰਨ ਦਾ ਸ਼ੁਰੂਆਤ ਕਰਨ ਦਾ ਫ਼ੈਸਲਾ ਨਾ ਕੀਤਾ ਹੁੰਦਾ। ਅਸਲ ਵਿਚ, ਏਸਾਓ ਨੂੰ ਨਹੀਂ ਸੀ ਪਤਾ ਕਿ ਯਾਕੂਬ ਦੇ ਮਨ ਵਿਚ ਕੀ ਚੱਲ ਰਿਹਾ ਸੀ ਜਦੋਂ ਉਹ ਆਪਣੇ ਮਾਲ, ਜਾਨਵਰਾਂ ਅਤੇ ਵੱਡੀ ਗਿਣਤੀ ਵਿਚ ਗੋੱਲੇ ਗੋੱਲੀਆਂ ਨਾਲ ਕਨਾਨ ਨੂੰ ਪਰਤਿਆ। ਯਾਕੂਬ ਨੂੰ ਇੱਜੜਾਂ ਅਤੇ ਪਸ਼ੂਆਂ ਦੇ ਝੁੰਡ ਨੂੰ ਹਿੱਕਣ ਦੇ ਲਈ ਗੋੱਲੇ ਗੋੱਲੀਆਂ ਦੀ ਲੋੜ ਸੀ, ਪਰ ਉਹ ਆਪਣੇ ਸਵਾਮੀ ਦੇ ਲਈ ਲੜ ਵੀ ਸਕਦੇ ਸਨ ਜੇਕਰ ਉਹ ਉਨ੍ਹਾਂ ਨੂੰ ਲੜਨ ਦਾ ਹੁਕਮ ਦਿੰਦਾ। ਏਸਾਓ ਕਿਸੇ ਵੀ ਸੰਭਾਵਨਾ ਦੇ ਲਈ ਤਿਆਰੀ ਨਾਲ ਆ ਰਿਹਾ ਸੀ।

ਹਾਲਾਂਕਿ ਉਸ ਦੇ ਭਰਾ ਦੇ ਇੰਨੇ ਆਦਮੀਆਂ ਨੂੰ ਨਾਲ ਲੈ ਕੇ ਆਉਣ ਨਾਲ ਯਾਕੂਬ ਅੱਤ ਭੈਮਾਨ ਹੋ ਗਿਆ, ਉਸ ਦੇ ਡਰਾਂ ਨੇ ਉਸ ਨੂੰ ਕਮਜ਼ੋਰ ਨਹੀਂ ਕੀਤਾ। ਉਸ ਹਮੇਸ਼ਾ ਤੋਂ ਹੀ ਇਕ ਸਫ਼ਲ ਸਾਜਿਸ਼ ਰਚਨ ਵਾਲਾ ਰਿਹਾ ਸੀ ਅਤੇ ਹਾਲੇ ਵੀ ਉਸ ਦੇ ਅੰਦਰ ਇਹ ਬੁੱਧੀ ਸੀ। ਇਸ ਲਈ, ਉਸ ਨੇ ਇਕ ਯੋਜਨਾ ਬਣਾਈ ਜਿਸ ਵਿਚ **ਉਸ ਨੇ ਆਪਣੇ ਨਾਲ ਦੇ ਲੋਕਾਂ, ਇੱਜੜਾਂ ਬਲਦਾਂ ਅਰ ਉਨ੍ਹਾਂ ਨੂੰ ਲੈਕੇ ਉਨ੍ਹਾਂ ਦੀਆਂ ਦੋ ਟੋਲੀਆਂ ਬਣਾਈਆਂ**। ਉਸ ਦਾ ਵਿਚਾਰ ਇਹ ਸੀ ਕਿ ਏਸਾਓ ਜੇਕਰ ਇੱਕ ਟੋਲੀ ਉੱਤੇ ਹਮਲਾ ਕਰੇਗਾ, ਤਾਂ **ਦੂਜੀ ਟੋਲੀ ਜਿਹੜੀ ਬਾਕੀ ਰਹੇ ਬਚ ਜਾਵੇਗੀ**। "ਟੋਲੀ" ਲਈ ਜਿਹੜਾ ਇਬਰਾਨੀ ਸ਼ਬਦ ਵਰਤਿਆ ਗਿਆ ਹੈ ਉਹ ਹੈ *ਮਚਾਨੇਹ,* ਇਹ ਉਹੀ ਸ਼ਬਦ ਹੈ ਜਿਹੜਾ 32:2 ਵਿਚ "ਲਸ਼ਕਰ" ਲਈ ਵਰਤਿਆ ਗਿਆ ਹੈ: "ਯਾਕੂਬ ਨੇ ਉਨ੍ਹਾਂ [ਸੁਰਗਦੂਤਾਂ] ਨੂੰ ਵੇਖ ਕੇ ਆਖਿਆ ਕਿ 'ਏਹ ਤਾਂ ਪਰਮੇਸ਼ੁਰ ਦਾ ਲਸ਼ਕਰ ਹੈ' ...।"

## ਪਰਮੇਸ਼ੁਰ ਅੱਗੇ ਯਾਕੂਬ ਦੀ ਪ੍ਰਾਰਥਨਾ (32:9-12)

**9ਤਾਂ ਯਾਕੂਬ ਨੇ ਆਖਿਆ, ਹੇ ਮੇਰੇ ਪਿਤਾ ਅਬਰਾਹਾਮ ਦੇ ਪਰਮੇਸ਼ੁਰ ਅਰ ਮੇਰੇ ਪਿਤਾ ਇਸਹਾਕ ਦੇ ਪਰਮੇਸ਼ੁਰ ਯਹੋਵਾਹ ਜਿਸ ਆਖਿਆ ਕਿ ਤੂੰ ਆਪਣੇ ਦੇਸ ਅਰ ਆਪਣਿਆਂ ਸਾਕਾਂ ਕੋਲ ਮੁੜ ਜਾਹ ਅਰ ਮੈਂ ਤੇਰੇ ਸੰਗ ਭਲਿਆਈ ਕਰਾਂਗਾ। 10ਮੈਂ ਤਾਂ ਉਨ੍ਹਾਂ ਸਾਰੀਆਂ ਦਿਆਲਗੀਆਂ ਅਰ ਉਸ ਸਾਰੀ ਸਚਿਆਈ ਤੋਂ ਜਿਹੜੀ ਤੈਂ ਆਪਣੇ ਦਾਸ ਦੇ ਸੰਗ ਕੀਤੀ ਬਹੁਤ ਹੀ ਛੋਟਾ ਹਾਂ। ਮੈਂ ਤਾਂ ਆਪਣੀ ਲਾਠੀ ਦੇ ਨਾਲ ਹੀ ਯਰਦਨ ਦੇ ਪਾਰ ਲੰਘਿਆ ਸੀ ਪਰ ਹੁਣ ਮੈਂ ਦੋ ਟੋਲੀਆਂ ਹੋ ਗਿਆ ਹਾਂ। 11ਤੂੰ ਮੈਨੂੰ ਮੇਰੇ ਭਰਾ ਦੇ ਹੱਥੋਂ ਅਰਥਾਤ ਏਸਾਓ ਦੇ ਹੱਥੋਂ ਛੁਡਾ ਲਵੀਂ ਕਿਉਂਜੋ ਮੈਂ ਉਸ ਤੋਂ ਡਰਦਾ ਹਾਂ ਕਿਤੇ ਉਹ ਆਕੇ ਮੈਨੂੰ ਅਰ ਮਾਵਾਂ ਨੂੰ ਪੁੱਤ੍ਰਾਂ ਸਣੇ ਨਾ ਮਾਰ ਸੁੱਟੇ। 12ਤੈਂ ਆਖਿਆ ਕਿ ਮੈਂ ਤੇਰੇ ਸੰਗ ਭਲਿਆਈ ਹੀ ਭਲਿਆਈ ਕਰਾਂਗਾ ਅਰ ਤੇਰੀ ਅੰਸ ਨੂੰ ਸਮੁੰਦਰ ਦੀ ਰੇਤ ਵਾਂਗਰ ਜਿਹੜੀ ਬਹੁਤਾਇਤ ਦੇ ਕਾਰਨ ਗਿਣੀ ਨਹੀਂ ਜਾਂਦੀ ਬਣਾਵਾਂਗਾ।**

**ਆਇਤ 9.** ਲਿਖਤ ਇਸ ਮੌਕੇ ਤੋਂ ਪਹਿਲਾਂ **ਯਾਕੂਬ** ਦੀ ਕਿਸੇ ਵਿਸ਼ੇਸ਼ ਪ੍ਰਾਰਥਨਾ ਬਾਰੇ ਨਹੀਂ ਦੱਸਦੀ, ਪਰ ਇਹ ਵਿਸ਼ਵਾਸ ਕਰਨਾ ਮੁਸ਼ਕਲ ਹੈ ਕਿ ਉਸ ਨੇ ਕੋਈ ਪ੍ਰਾਰਥਨਾ ਨਾ ਕੀਤੇ ਹੋਵੇ। ਕੁਝ ਇਸ ਨੂੰ ਉਸ ਦੀ ਪਹਿਲੀ ਰਸਮੀ ਪ੍ਰਾਰਥਨਾ ਦੇ ਰੂਪ ਵਿਚ ਸਮਝਦੇ ਹਨ।[6] ਉਸ ਦਾ ਪ੍ਰਾਰਥਨਾ ਕਰਨਾ ਇਹ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਪੁਰਖੇ ਨੇ ਆਖ਼ਰਕਾਰ ਪਰਮੇਸ਼ੁਰ ਨਾਲ ਇਕ ਨਿੱਜੀ ਰਿਸ਼ਤਾ ਰੱਖਣਾ ਸ਼ੁਰੂ ਕਰ ਦਿੱਤਾ ਅਤੇ ਇਹ ਉਸ ਦੇ ਭਰਾ ਨਾਲ ਸਹੀ ਰਿਸ਼ਤਾ ਵਿਕਸਤ ਕਰਨ ਦੇ ਲਈ ਜ਼ਰੂਰੀ ਸੀ। ਉਸ ਨੇ ਆਪਣੀ ਪ੍ਰਾਰਥਨਾ (ਉਸ ਦੇ) **ਪਿਤਾ ਅਬਰਾਹਾਮ ਦੇ ਪਰਮੇਸ਼ੁਰ**[7] ਅਤੇ (ਉਸ ਦੇ) **ਪਿਤਾ ਇਸਹਾਕ ਦੇ ਪਰਮੇਸ਼ੁਰ** ਦੀ ਸਤੂਤੀ ਨਾਲ ਸ਼ੁਰੂ ਕੀਤੀ।

ਬੈਤਏਲ ਵਿਚ ਵੀਹ ਵਰਹੇ ਪਹਿਲਾਂ ਯਹੋਵਾਹ ਨੇ ਪੁਰਖੇ ਨੂੰ ਆਪਣੀ ਜਾਣ-ਪਛਾਣ ਇਸ ਤਰੀਕੇ ਨਾਲ ਕਰਵਾਈ ਸੀ (28:13)।

ਹਮੇਸ਼ਾ ਸੌਦੇਬਾਜੀ ਕਰਨ ਵਾਲੇ ਯਾਕੂਬ ਨੇ ਪਰਮੇਸ਼ੁਰ ਨੂੰ ਦੋ ਗੱਲਾਂ ਚੇਤੇ ਕਰਾਈਆਂ: (1) [ਤੂੰ] **ਮੈਨੂੰ ਆਖਿਆ ਕਿ ਤੂੰ ਆਪਣੇ ਦੇਸ ਅਰ ਆਪਣਿਆਂ ਸਾਕਾਂ ਕੋਲ ਮੁੜ ਜਾਹ।** ਹੁਣ ਜਦ ਕਿ ਉਹ ਉਹੀ ਕਰ ਰਿਹਾ ਸੀ ਜਿਸ ਦਾ **ਯਹੋਵਾਹ** ਨੇ ਉਸ ਨੂੰ ਹੁਕਮ ਦਿੱਤਾ ਸੀ, ਫਿਰ ਵੀ, ਉਹ ਵੱਡੇ ਸੰਕਟ ਦਾ ਸਾਹਮਣਾ ਕਰ ਰਿਹਾ ਸੀ ਜੋ ਉਸ ਦੇ ਮਿਸ਼ਨ ਅਤੇ ਉਸ ਦੀ ਜਾਨ ਨੂੰ ਖ਼ਤਰੇ ਵਿਚ ਪਾ ਸਕਦਾ ਸੀ। ਇਸ ਲਈ, ਯਾਕੂਬ ਨੇ ਪਰਮੇਸ਼ੁਰ ਨੂੰ ਉਸ ਦੇ ਵਾਅਦੇ ਦੇ ਦੂਜੇ ਹਿੱਸੇ ਨੂੰ ਪੂਰਾ ਕਰਨ ਦੀ ਬੇਨਤੀ ਕੀਤੀ: (2) **ਮੈਂ ਤੇਰੇ ਸੰਗ ਭਲਿਆਈ ਕਰਾਂਗਾ।** ਵਧੇਰੇ ਜਥਾਰਥ ਰੂਪ ਵਿਚ, ਇਬਰਾਨੀ ਲਿਖਤ ਕਹਿੰਦੀ ਹੈ, "ਮੈਂ ਤੇਰੇ ਨਾਲ ਭਲਿਆਈ ਕਰਾਂਗਾ" (ਵੇਖੋ NRSV; NJB; ESV)।

**ਆਇਤ 10.** ਆਖ਼ਰਕਾਰ, ਇਸ ਵਾਰ ਯਾਕੂਬ ਨੇ ਆਪਣੇ ਆਪ ਨੂੰ ਪਰਮੇਸ਼ੁਰ ਦੇ ਸਨਮੁਖ ਹਲੀਮ ਕੀਤਾ। ਜਦ ਕਿ ਉਸ ਨੇ ਉਸ ਦੀਆਂ ਆਪਣੀਆਂ ਧੋਖਾਬਾਜੀ ਵਾਲੀਆਂ ਗੱਲਾਂ ਅਤੇ ਕੰਮਾਂ ਦੀ ਗੱਲ ਨਹੀਂ ਕੀਤੀ ਜਿਸ ਦੇ ਕਾਰਣ ਏਸਾਓ ਦੇ ਅੰਦਰ ਉਸ ਨੂੰ ਮਾਰਨ ਦੀ ਇੱਛਾ ਪੈਦਾ ਹੋਈ ਸੀ, ਉਸ ਨੇ ਘੱਟੋ-ਘੱਟ ਆਪਣੇ ਆਪ ਨੂੰ ਦੋਸ਼ੀ ਠਹਿਰਾਇਆ। ਉਸ ਨੇ ਇਹ ਮੰਨ ਲਿਆ ਕਿ **ਮੈਂ ਤਾਂ ਉਨ੍ਹਾਂ ਸਾਰੀਆਂ ਦਿਆਲਗੀਆਂ ਅਰ ਉਸ ਸਾਰੀ ਸਚਿਆਈ ਤੋਂ ਜਿਹੜੀ ਤੈਂ ਆਪਣੇ ਦਾਸ ਦੇ ਸੰਗ ਕੀਤੀ ਬਹੁਤ ਹੀ ਛੋਟਾ ਹਾਂ** ਜੋ ਤੂੰ ਮੈਨੂੰ ਇੰਨੇ ਸਾਲਾਂ ਤੋਂ ਵਿਖਾਈ ਹੈ। ਉਸ ਦਾ ਇਹ ਇਕਰਾਰ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਇਸ ਸੰਕਟ ਵਿਚ, ਇਕ ਆਤਮਿਕ ਤਬਦੀਲੀ ਹੋਣੀ ਸ਼ੁਰੂ ਹੋ ਗਈ ਸੀ। ਉਹ ਆਪਣੇ ਆਪ ਨੂੰ ਏਸਾਓ ਨੂੰ ਸੌਂਪਣ ਦੇ ਲਈ ਤਿਆਰ ਸੀ ਅਤੇ ਉਸ ਨੇ ਇਹ ਸਵੀਕਾਰ ਕਰ ਲਿਆ ਕਿ ਉਹ ਪਰਮੇਸ਼ੁਰ ਦੇ ਸਾਹਮਣੇ ਬਹੁਤ ਹੀ ਛੋਟਾ ਸੀ। ਯਾਕੂਬ ਨੇ ਚੇਤੇ ਕੀਤਾ ਕਿ ਪਰਮੇਸ਼ੁਰ ਦੀ **ਲਾਠੀ** ਤੋਂ ਇਲਾਵਾ ਉਸ ਦੇ ਕੋਲ ਕੁਝ ਨਹੀਂ ਸੀ ਜਦੋਂ ਉਹ ਵੀਹ ਵਰਹੇ ਪਹਿਲਾਂ ਹਾਰਾਨ ਨੂੰ ਜਾਂਦਿਆਂ **ਯਰਦਨ ਦੇ ਪਾਰ ਲੰਘਿਆ ਸੀ**; ਹੁਣ, ਜਦੋਂ ਉਹ ਕਨਾਨ ਨੂੰ ਪਰਤ ਰਿਹਾ ਸੀ, ਉਸ ਦੇ ਕੋਲ ਤੀਵੀਆਂ, ਬੱਚਿਆਂ, ਗੋੱਲੇ ਗੋੱਲੀਆਂ ਅਤੇ ਢੇਰ ਸਾਰੇ ਜਾਨਵਰਾਂ ਦੀਆਂ **ਦੋ ਟੋਲੀਆਂ** ਸਨ।

**ਆਇਤ 11.** ਕੀ ਇੰਨੇ ਸਾਲਾਂ ਤੋਂ ਯਾਕੂਬ ਨੂੰ ਦਿੱਤੀ ਗਈ ਪਰਮੇਸ਼ੁਰ ਦੀ ਭਰਪੂਰ ਬਰਕਤ ਵਿਅਰਥ ਜਾਣ ਵਾਲੀ ਸੀ? ਕੀ ਯਾਕੂਬ ਹੁਣ **ਏਸਾਓ ਦੇ ਹੱਥੋਂ** ਅਤੇ ਉਸ ਦੇ ਆਦਮੀਆਂ ਦੇ ਹੱਥੋਂ ਸਭ ਕੁਝ, ਸਗੋਂ ਉਸ ਦੀ ਆਪਣੀ ਜਾਨ ਵੀ ਗੁਆਉਣ ਵਾਲਾ ਸੀ? ਪੁਰਖੇ ਦੀ ਪ੍ਰਾਰਥਨਾ ਦਾ ਕੇਂਦਰ ਛੁਟਕਾਰੇ ਲਈ ਪਰਮੇਸ਼ੁਰ ਦੇ ਅੱਗੇ ਉਸ ਦੀ ਬੇਨਤੀ ਸੀ। ਉਹ **ਡਰਦਾ ਸੀ** ਕਿ **ਕਿਤੇ** ਉਸ ਦਾ **ਭਰਾ ਆਕੇ** ਉਸ ਨੂੰ ਅਰ ਉਸ ਦੇ ਪਰਿਵਾਰ ਨੂੰ **ਮਾਵਾਂ ਨੂੰ ਪੁੱਤ੍ਰਾਂ ਸਣੇ ਨਾ ਮਾਰ ਸੁੱਟੇ**।

**ਆਇਤ 12.** ਫਿਰ, ਜਿਵੇਂ ਕਿ ਯਹੋਵਾਹ ਭੁੱਲ ਚੁੱਲ ਚੁੱਕਾ ਹੋਵੇ, ਪੁਰਖੇ ਨੇ ਪਰਮੇਸ਼ੁਰ ਨੂੰ ਚੇਤੇ ਕਰਾਇਆ ਕਿ ਉਸ ਨੇ ਉਹ ਦੇ ਨਾਲ ਵਾਅਦਾ ਕੀਤਾ ਸੀ ਕਿ ਮੈਂ ਤੇਰੇ ਨਾਲ ਭਲਿਆਈ ਕਰਾਂਗਾ ਅਤੇ **ਤੇਰੀ ਅੰਸ ਨੂੰ ਸਮੁੰਦਰ ਦੀ ਰੇਤ ਵਾਂਗਰ ਵਧਾਵਾਂਗਾ** (28:14; ਵੇਖੋ 13:16; 15:5; 22:17; 26:4)। ਯਾਕੂਬ ਵਿਸ਼ਵਾਸ ਕਰਦਾ ਸੀ - ਅਤੇ ਪਰਤੱਖ ਰੂਪ ਵਿਚ ਪਰਮੇਸ਼ੁਰ ਨੂੰ ਯਕੀਨ ਦਿਵਾਉਣ ਦੀ ਕੋਸ਼ਿਸ਼ ਕਰ ਰਿਹਾ ਸੀ - ਕਿ ਅਬਰਾਹਾਮ ਦੀ ਅਸੀਸ ਨਾਲ ਜੁੜੀਆਂ ਹੋਈਆਂ ਸਾਰੀਆਂ ਰੱਬੀ ਯੋਜਨਾਵਾਂ ਅਤੇ ਉਦੇਸ਼ ਏਸਾਓ ਅਤੇ ਉਸ ਦੇ ਆਦਮੀਆਂ ਨਾਲ ਅੱਗੇ ਹੋਣ ਵਾਲੀ ਉਸ ਦੀ ਮੁਲਾਕਾਤ ਦੇ ਕਾਰਣ ਖ਼ਤਰੇ ਵਿਚ ਸਨ। ਪਰਤੱਖ ਰੂਪ ਵਿਚ, ਪਹਿਲੀ ਵਾਰ,

ਉਸ ਨੇ ਖੁਦ ਨੂੰ ਅਤੇ ਆਪਣੇ ਪਰਿਵਾਰ ਨੂੰ ਬਚਾਉਣ ਦੇ ਲਈ ਆਪਣੇ ਆਪ ਨੂੰ ਲਾਚਾਰ ਮਹਿਸੂਸ ਕੀਤਾ।

## ਯਾਕੂਬ ਦੀ ਚਲਾਕ ਨੀਤੀ (32:13-21)

**13ਉਹ ਉਸ ਰਾਤ ਉੱਥੇ ਹੀ ਰਿਹਾ ਅਰ ਉਸ ਨੇ ਉਸ ਥਾਂ ਜੋ ਕੁਝ ਉਸ ਦੇ ਹੱਥ ਆਇਆ
ਆਪਣੇ ਭਰਾ ਏਸਾਓ ਦੇ ਨਜ਼ਰਾਨੇ ਲਈ ਲਿਆ। 14ਅਰਥਾਤ ਦੋ ਸੌ ਬੱਕਰੀਆਂ ਅਤੇ ਵੀਹ ਬੱਕਰੇ
ਅਰ ਦੋ ਸੌ ਭੇਡਾਂ ਅਤੇ ਵੀਹ ਮੇਂਢੇ। 15ਅਤੇ ਤੀਹ ਸੂਈਆਂ ਹੋਈਆਂ ਊਠਣੀਆਂ ਬੋਤੀਆਂ ਸਣੇ ਅਰ
ਚਾਲੀ ਗਊਆਂ ਅਰ ਦਸ ਸਾਹਨ ਅਤੇ ਵੀਹ ਖੋਤੀਆਂ ਦੱਸ ਬੱਚਿਆਂ ਸਣੇ। 16ਅਰ ਉਨ੍ਹਾਂ ਦੇ ਵੱਗ
ਵੱਖਰੇ ਵੱਖਰੇ ਕਰ ਕੇ ਆਪਣੇ ਟਹਿਲੂਆਂ ਦੇ ਹੱਥ ਦਿੱਤੇ ਅਰ ਆਪਣੇ ਟਹਿਲੂਆਂ ਨੂੰ ਆਖਿਆ
ਤੁਸੀਂ ਮੇਰੇ ਅੱਗੇ ਅੱਗੇ ਪਾਰ ਲੰਘ ਜਾਓ ਅਤੇ ਵੱਗਾਂ ਦੇ ਵਿਚਕਾਰ ਥੋੜਾ ਥੋੜਾ ਫਾਸਲਾ ਰੱਖੋ।
17ਸਭ ਤੋਂ ਅੱਗੇ ਜਾਣ ਵਾਲੇ ਨੂੰ ਓਸ ਏਹ ਹੁਕਮ ਦਿੱਤਾ ਕਿ ਜਦ ਤੈਨੂੰ ਮੇਰਾ ਭਰਾ ਏਸਾਓ ਮਿਲੇ
ਅਰ ਪੁੱਛੇ ਤੂੰ ਕਿਹ ਦਾ ਹੈਂ ਅਰ ਕਿਧਰ ਚੱਲਦਾ ਹੈਂ ਅਰ ਏਹ ਤੇਰੇ ਅਗਲੇ ਜਿਹ ਦੇ ਹਨ? 18ਤਾਂ
ਤੂੰ ਆਖੀਂ ਏਹ ਤੁਹਾਡੇ ਦਾਸ ਯਾਕੂਬ ਦੇ ਹਨ। ਏਹ ਇੱਕ ਨਜ਼ਰਾਨਾ ਹੈ ਜਿਹੜਾ ਮੇਰੇ ਸਵਾਮੀ ਨੇ
ਏਸਾਓ ਲਈ ਘੱਲਿਆ ਹੈ ਅਤੇ ਵੇਖੋ ਉਹ ਵੀ ਸਾਡੇ ਪਿੱਛੇ ਹੈ। 19ਅਰ ਉਸ ਨੇ ਦੂਜੇ ਅਰ ਤੀਜੇ
ਅਰ ਸਾਰਿਆਂ ਨੂੰ ਜਿਹੜੇ ਵੱਗ ਦੇ ਪਿੱਛੇ ਆਉਂਦੇ ਸਨ ਹੁਕਮ ਦਿੱਤਾ ਕਿ ਜਦ ਤੁਸੀਂ ਏਸਾਓ ਨੂੰ
ਮਿਲੋ ਤਾਂ ਏਵੇਂ ਹੀ ਬੋਲੋ 20ਅਰ ਆਖਿਓ, ਵੇਖੋ ਤੁਹਾਡਾ ਦਾਸ ਯਾਕੂਬ ਸਾਡੇ ਪਿੱਛੇ ਹੈ। ਕਿਉਂਜੋ
ਓਸ ਆਖਿਆ ਕਿ ਏਸ ਨਜ਼ਰਾਨੇ ਨਾਲ ਜਿਹੜਾ ਮੇਰੇ ਅੱਗੇ ਜਾਂਦਾ ਹੈ ਓਸ ਦੀਆਂ ਅੱਖਾਂ ਠੰਡੀਆਂ
ਕਰਾਂਗਾ ਅਰ ਏਸ ਦੇ ਮਗਰੋਂ ਉਸ ਦਾ ਮੂੰਹ ਵੇਖਾਂਗਾ ਸ਼ਾਇਤ ਉਹ ਮੈਨੂੰ ਕਬੂਲ ਕਰੇ। 21ਸੋ ਉਹ
ਨਜ਼ਰਾਨਾ ਉਸ ਤੋਂ ਅੱਗੇ ਪਾਰ ਲੰਘ ਗਿਆ ਅਰ ਉਹ ਆਪ ਉਸ ਰਾਤ ਆਪਣੀ ਟੋਲੀ ਨਾਲ
ਰਿਹਾ।**

**ਆਇਤ 13.** ਯਾਕੂਬ ਨੇ ਉਸ ਥਾਂ ਤੇ **ਬੇਚੈਨੀ** ਵਾਲੀ **ਰਾਤ** ਬਿਤਾਈ ਜਿਸ ਦਾ ਨਾਉਂ ਉਸ ਨੇ “ਮਹਨਾਯਿਮ” ਰੱਖਿਆ ਸੀ। ਉਹ ਜਾਣਦਾ ਸੀ ਕਿ ਰੱਬੀ ਛੁਟਕਾਰੇ ਦੇ ਲਈ ਬੇਨਤੀ ਕਰਨਾ ਕਾਫੀ ਨਹੀਂ ਸੀ ਕਿਉਂਕਿ ਉਸ ਉੱਤੇ ਆਪਣੇ ਭਰਾ ਨਾਲ ਆਪਣੇ ਰਿਸ਼ਤੇ ਨੂੰ ਸੁਧਾਰਣ ਦੀ ਜ਼ਿੰਮੇਵਾਰੀ ਵੀ ਸੀ। ਯਾਕੂਬ ਨੇ ਇਕ ਯੋਜਨਾ ਬਣਾਈ, ਜਿਸ ਦੇ ਵਿਚ ਸ਼ਾਨਦਾਰ **ਨਜ਼ਰਾਨਾ** (מִנְחָה, *ਮਿਨਚਾਹ)* ਸ਼ਾਮਲ ਸੀ। ਇਹ ਸ਼ਬਦ ਪੁਰਾਣੇ ਨੇਮ ਉਸ ਨਜ਼ਰਾਨੇ ਦੇ ਲਈ ਵਰਤਿਆ ਜਾਂਦਾ ਸੀ ਜੋ ਮਾਲਕ ਦੁਆਰਾ ਦਿੱਤਾ ਜਾਂਦਾ ਸੀ (2 ਸਮੂਏਲ 8:2, 6; 2 ਰਾਜਿਆਂ 17:4; ਹੋਸ਼ੇਆ 10:6), ਪਰ ਹੋਰਨਾਂ ਸਮਿਆਂ ਤੇ ਇਹ ਸਿਰਫ ਸਵੈ-ਇੱਛਤ ਤੋਹਫ਼ੇ ਜਾਂ ਭੇਟ ਦਾ ਅਰਥ ਦੱਸਦਾ ਸੀ (4:3-5; 43:11, 15; ਨਿਆਈਆਂ 6:18; 1 ਰਾਜਿਆਂ 10:25)। ਇਸ ਮਾਮਲੇ ਵਿਚ, *ਮਿਨਚਾਹ* ਉਸ ਨਜ਼ਰਾਨੇ ਦਾ ਹਵਾਲਾ ਨਹੀਂ ਦਿੰਦਾ ਜੋ **ਏਸਾਓ** ਦੁਆਰਾ ਯਾਕੂਬ ਤੇ ਥੋਪਿਆ ਗਿਆ ਸੀ; ਬਜਾਇ ਇਸ ਦੇ, ਇਹ ਜਾਨਵਰਾਂ ਦੀ ਵੱਡੀ ਗਿਣਤੀ ਦਾ ਇਕ ਵਡਦਿਲਾ ਨਜ਼ਰਾਨਾ ਸੀ। ਇਨ੍ਹਾਂ ਨੂੰ **ਉਸ ਦੇ ਭਰਾ** ਨੂੰ ਉਨ੍ਹਾਂ ਗਲਤੀਆਂ ਦੇ ਲਈ ਮੁਆਵਜੇ ਦੇ ਰੂਪ ਵਿਚ ਭੇਜਿਆ ਗਿਆ ਜੋ ਉਸ ਨੇ ਕਈ ਸਾਲ ਪਹਿਲਾਂ ਧੋਖੇਬਾਜ਼ੀ ਨਾਲ ਪਲੌਠੇ ਹੋਣ ਦਾ ਹੱਕ ਲੈਣ ਅਤੇ ਆਪਣੇ ਪਿਤਾ ਕੋਲੋਂ ਬਰਕਤ ਨੂੰ ਪ੍ਰਾਪਤ ਕਰਨ ਸੰਬੰਧੀ ਕੀਤੀਆਂ ਸਨ।

**ਆਇਤਾਂ 14, 15.** ਯਾਕੂਬ ਵੱਲੋਂ ਏਸਾਓ ਨੂੰ ਨਜ਼ਰਾਨੇ ਦੇ ਰੂਪ ਵਿਚ ਦਿੱਤੇ ਜਾਣ ਵਾਲੇ ਜਾਨਵਰਾਂ ਦੀ ਗਿਣਤੀ ਵੈਰਾਨ ਕਰਨ ਵਾਲੀ ਹੈ: ਕੁੱਲ 550 ਜਾਨਵਰ। ਜਾਨਵਰਾਂ ਦੀ ਗਿਣਤੀ

ਅਤੇ ਵਿਵਧਤਾ ਇਸ ਗੱਲ ਦੀ ਗਵਾਹੀ ਦਿੰਦੀ ਹੈ ਕਿ ਹਾਰਾਨ ਵਿਚ ਯਾਕੂਬ ਦਾ ਠਹਿਰਣਾ ਕਿੰਨਾ ਲਾਹੇਵੰਦ ਅਤੇ ਸਫ਼ਲ ਰਿਹਾ ਸੀ।[8] ਪਹਿਲੀ ਗੱਲ, ਲੇਖਕ ਨੇ ਆਪਣੀ ਸੂਚੀ ਵਿਚ **ਦੋ ਸੌ ਬੱਕਰੀਆਂ ਅਤੇ ਵੀਹ ਬੱਕਰੇ**, ਉਸ ਤੋਂ ਬਾਅਦ ਓਨੀਆਂ ਹੀ ਭੇਡਾਂ ਨੂੰ ਇਸ ਵਿਚ ਸ਼ਾਮਲ ਕੀਤਾ: **ਦੋ ਸੌ ਭੇਡਾਂ ਅਤੇ ਵੀਹ ਮੇਂਢੇ**, ਫਿਰ **ਤੀਹ ਸੂਈਆਂ ਹੋਈਆਂ ਊਠਣੀਆਂ ਬੋਤੀਆਂ ਸਣੇ** ਅਤੇ **ਚਾਲੀ ਗਊਆਂ ਅਰ ਦਸ ਸਾਹਨ**। ਅੰਤ ਵਿਚ, ਸੂਚੀ ਵਿਚ **ਵੀਹ ਖੋਤੀਆਂ ਦੱਸ ਬੱਚਿਆਂ ਸਣੇ** ਸ਼ਾਮਲ ਕੀਤਾ। ਜਾਨਵਰਾਂ ਦੇ ਹਰ ਸਮੂਹ ਵਿਚ ਇਹ ਨਿਸ਼ਚਤ ਕਰਨ ਦੇ ਲਈ ਕਿ ਪਸ਼ੂਆਂ ਦੀ ਗਿਣਤੀ ਵਿਚ ਵੱਧ ਤੋਂ ਵੱਧ ਵਾਧਾ ਹੋਵੇ ਨਰ ਅਤੇ ਮਾਦਾ ਸ਼ਾਮਲ ਕੀਤੇ ਗਏ। ਯਾਕੂਬ ਦੇ ਨਜ਼ਰਾਨੇ ਦਾ ਆਕਾਰ ਇਸ ਗੱਲ ਦਾ ਇਕ ਠੋਸ ਪ੍ਰਗਟਾਵਾ ਸੀ ਕਿ ਉਹ ਉਸ ਨੁਕਸਾਨ ਦੀ ਗੰਭੀਰਤਾ ਨੂੰ ਸਮਝ ਗਿਆ ਸੀ ਜੋ ਉਸ ਨੇ ਏਸਾਓ ਕੋਲੋਂ ਉਸ ਦੇ ਪਲੌਠੇ ਦਾ ਹੱਕ ਖੋਹ ਨੇ ਅਤੇ ਉਸ ਦੇ ਪਿਤਾ ਦੀ ਬਰਕਤ ਨੂੰ ਹਾਸਲ ਕਰਕੇ ਉਸ ਨੂੰ ਪਹੁੰਚਾਇਆ ਸੀ।

**ਆਇਤ 16.** ਯਾਕੂਬ ਨੇ ਆਪਣੇ ਭਰਾ ਨੂੰ ਸ਼ਾਂਤ ਕਰਨ ਦੇ ਲਈ ਜਾਨਵਰਾਂ ਦੇ ਵੱਗ ਦੇ ਪਿੱਛੇ-ਪਿੱਛੇ ਜਾ ਕੇ **ਵੱਗ** ਨਾਲ ਉਸ ਨੂੰ ਹਰਾਉਣ ਦੀ ਯੋਜਨਾ ਬਣਾਈ ਸੀ। ਉਸ ਨੇ **ਵੱਗ ਵੱਖਰੇ ਵੱਖਰੇ ਕਰ ਕੇ ਆਪਣੇ ਟਹਿਲੂਆਂ ਦੇ ਹੱਥ ਦਿੱਤੇ** ਅਤੇ ਉਨ੍ਹਾਂ ਨੂੰ ਹਦਾਇਤ ਦਿੱਤੀ ਕਿ **ਤੁਸੀਂ ਮੇਰੇ ਅੱਗੇ ਅੱਗੇ ਪਾਰ ਲੰਘ ਜਾਓ ਅਤੇ ਵੱਗਾਂ ਦੇ ਵਿਚਕਾਰ ਥੋੜਾ ਥੋੜਾ ਫਾਸਲਾ ਰੱਖੋ**।

**ਆਇਤਾਂ 17, 18.** ਵੱਖ-ਵੱਖ ਟੋਲੀਆਂ ਨੇ ਆਪਣੇ ਆਪ ਨੂੰ ਉਸ ਮਾਰਗ ਤੇ ਵੱਖ-ਵੱਖ ਥਾਵਾਂ ਤੇ ਤੈਨਾਤ ਕਰਨਾ ਸੀ ਜਿਸ ਮਾਰਗ ਥਾਣੀਂ **ਏਸਾਓ** ਲੰਘ ਰਿਹਾ ਸੀ। ਹਰ ਵਾਰ ਏਸਾਓ ਨੇ ਜਦੋਂ ਗੋੱਲੇ ਗੋੱਲੀਆਂ, ਜਾਨਵਰਾਂ ਅਤੇ ਉਨ੍ਹਾਂ ਦੇ ਸਵਾਮੀ ਦੇ ਬਾਰੇ ਪੁੱਛਗਿੱਛ ਕਰਨ ਦੇ ਲਈ ਰੁਕਣਾ ਸੀ, ਉਨ੍ਹਾਂ ਨੇ ਉਸ ਨੂੰ ਇੱਕੋ ਜਿਹਾ ਜਵਾਬ ਦੇਣਾ ਸੀ, **ਏਹ ਤੁਹਾਡੇ ਦਾਸ ਯਾਕੂਬ ਦੇ ਹਨ। ਏਹ ਇੱਕ ਨਜ਼ਰਾਨਾ ਹੈ ਜਿਹੜਾ ਮੇਰੇ ਸਵਾਮੀ ਨੇ ਏਸਾਓ ਲਈ ਘੱਲਿਆ ਹੈ।** ਉਨ੍ਹਾਂ ਨੂੰ ਇਹ ਦੱਸਣ ਦੀ ਵੀ ਹਦਾਇਤ ਦਿੱਤੀ ਗਈ ਸੀ ਕਿ ਯਾਕੂਬ ਉਨ੍ਹਾਂ ਦੇ **ਪਿੱਛੇ** ਹੈ।

**ਆਇਤ 19.** ਮੂਲ ਲਿਖਤ ਇਹ ਨਹੀਂ ਦੱਸਦੀ ਕਿ ਯਾਕੂਬ ਨੇ ਰਾਹ ਵਿਚ ਕਿੰਨੇ ਗੋੱਲੇ ਗੋੱਲੀਆਂ ਅਤੇ **ਵੱਗ** ਨੂੰ ਤੈਨਾਤ ਕੀਤਾ ਸੀ। ਇਹ ਤਿੰਨਾਂ ਦਾ ਵੇਰਵਾ ਦਿੰਦੀ ਹੈ ਅਤੇ ਫਿਰ ਸਿਰਫ ਹੋਰ ਵੱਗਾਂ ਦਾ ਹਵਾਲਾ ਦਿੰਦੀ ਹੈ ਜਿਨ੍ਹਾਂ ਨੇ ਪਹਿਲੇ ਤਿੰਨਾਂ ਦੇ ਜਾਣ ਤੋਂ ਬਾਅਦ ਉਨ੍ਹਾਂ ਦੇ ਪਿੱਛੇ-ਪਿੱਛੇ ਚੱਲਣਾ ਸੀ।

**ਆਇਤ 20.** ਇਸ ਤੋਂ ਇਲਾਵਾ, ਪੁਰਖੇ ਨੇ ਹਰ ਵੱਗ ਦੇ ਲਈ ਜ਼ਿੰਮੇਵਾਰ ਠਹਿਰਾਏ ਗਏ ਗੋੱਲੇ ਜਾਂ ਗੋੱਲੀ ਨੂੰ ਇਹ ਕਹਿਣ ਦੀ ਹਦਾਇਤ ਦਿੱਤੀ ਸੀ, **ਵੇਖੋ ਤੁਹਾਡਾ ਦਾਸ ਯਾਕੂਬ ਸਾਡੇ ਪਿੱਛੇ ਹੈ।** ਇਸ ਚਾਲ ਦਾ ਅਰਥ ਏਸਾਓ ਦੇ ਕਰੋਧ ਦੀਆਂ **ਅੱਖੀਆਂ ਨੂੰ ਠੰਡਾ ਕਰਨਾ** ਸੀ ਜਦੋਂ ਗੋੱਲੇ ਗੋੱਲੀਆਂ ਨੇ ਜਾਨਵਰਾਂ ਦੇ ਹਰੇਕ ਸਮੂਹ ਨੂੰ ਉਸ ਦੇ ਭਰਾ ਦੇ ਵੱਲੋਂ ਇਕ ਨਜ਼ਰਾਨੇ ਦੇ ਰੂਪ ਵਿਚ ਭੇਟ ਕੀਤਾ। "ਅੱਖੀਆਂ ਨੂੰ ਠੰਡਾ ਕਰਨਾ" ਸ਼ਬਦ ਦਾ ਅਨੁਵਾਦ ਇਬਰਾਨੀ ਕਿਰਿਆ כָּפַר (*ਕਪਰ)* ਤੋਂ ਕੀਤਾ ਗਿਆ ਹੈ ਜਿਸ ਦਾ ਅਰਥ ਹੈ "ਢੱਕਣਾ।" ਯਾਕੂਬ ਦੇ ਵਿਚਾਰ ਦਾ ਸ਼ਾਬਦਿਕ ਤੌਰ ਤੇ ਇਹ ਅਨੁਵਾਦ ਕੀਤਾ ਜਾ ਸਕਦਾ ਹੈ, "ਮੈਂ ਨਜ਼ਰਾਨੇ ਨਾਲ ਉਸ ਦੇ ਚਿਹਰੇ ਨੂੰ ਢੱਕਾਂਗਾ।" ਕੁਰਬਾਨੀ ਵਾਲੇ ਸੰਦਰਭ ਵਿਚ, *ਕਪਰ* ਦਾ ਅਰਥ ਹੈ "ਨਿਸਤਾਰਾ ਕਰਨਾ," "ਮੇਲ ਮਿਲਾਪ ਕਰਨਾ,"[9] ਜਾਂ "ਪਰਾਸਚਿੱਤ ਕਰਨਾ।"[10] ਫਿਰ ਵੀ, ਇੱਥੇ ਇਹ "ਮਨੁੱਖੀ ਪਰਾਸਚਿਤ" ਦਾ ਹਵਾਲਾ ਦਿੰਦਾ ਹੈ (ਵੇਖੋ 2 ਸਮੂਏਲ 21:3; ਕਹਾਉਤਾਂ 16:14)। ਯਾਕੂਬ ਦਾ ਅਰਥ ਇਸ ਸੀ ਕਿ ਜਦੋਂ ਉਹ ਏਸਾਓ ਦੇ **ਮੂੰਹ** ਨੂੰ ਵੇਖੇ, ਉਸ ਦੇ ਭਰਾ ਦੇ ਮੂੰਹ ਦੇ ਹਾਵ-ਭਾਵ ਕਰੋਧ ਨੂੰ ਪਰਗਟ ਨਾ

ਕਰਨ; ਉਹ ਇਸ ਹੱਦ ਤੱਕ ਸ਼ਾਂਤ ਹੋ ਜਾਵੇ ਕਿ ਉਹ ਯਾਕੂਬ ਨੂੰ ਸ਼ਾਂਤੀ ਨਾਲ ਕਬੂਲ ਕਰ ਲਵੇ। **ਉਹ ਮੈਨੂੰ ਕਬੂਲ ਕਰੇ** ਇਸ ਇਬਰਾਨੀ ਕਹਾਉਤ ਦਾ ਇਕ ਅਨੁਵਾਦ ਹੈ ਕਿ "ਉਹ ਮੇਰੇ ਮੂੰਹ ਨੂੰ ਉੱਚਾ ਕਰੇਗਾ।"

**ਆਇਤ 21.** ਜਦ ਕਿ ਗੋੱਲੇ ਗੋੱਲੀਆਂ ਜਾਨਵਰਾਂ ਦੇ ਉਸ ਵੱਗ ਨਾਲ ਅੱਗੇ-ਅੱਗੇ ਜਾ ਰਹੇ ਸਨ ਜੋ ਉਸ ਨੇ ਏਸਾਓ ਨੂੰ ਨਜ਼ਰਾਨੇ ਦੇ ਰੂਪ ਵਿਚ ਭੇਟ ਕਰਨਾ ਸੀ, ਯਾਕੂਬ **ਆਪ ਉਸ ਰਾਤ ਆਪਣੀ ਟੋਲੀ ਨਾਲ ਰਿਹਾ।**

## ਦੂਤ ਦੇ ਨਾਲ ਯਾਕੂਬ ਦਾ ਘੋਲ (32:22-32)

**22ਉਹ ਓਸੇ ਰਾਤ ਉੱਠਿਆ ਅਰ ਆਪਣੀਆਂ ਦੋਹਾਂ ਤੀਵੀਆਂ ਅਰ ਦੋਹਾਂ ਗੋੱਲੀਆਂ ਅਰ
ਗਿਆਰਾਂ ਪੁੱਤ੍ਰਾਂ ਨੂੰ ਲੈਕੇ ਯੱਬੋਕ ਦੇ ਪੱਤਣ ਤੋਂ ਪਾਰ ਲੰਘਿਆ। 23ਤਾਂ ਉਸ ਨੇ ਉਨ੍ਹਾਂ ਨੂੰ ਲੈਕੇ ਨਾਲੋਂ
ਤੋਂ ਪਾਰ ਲੰਘਾਇਆ ਅਰ ਜੋ ਉਸ ਦੇ ਕੋਲ ਸੀ ਪਾਰ ਲੰਘਾ ਦਿੱਤਾ। 24ਤਾਂ ਯਾਕੂਬ ਇਕੱਲਾ ਰਹਿ
ਗਿਆ ਅਰ ਉਸ ਦੇ ਨਾਲ ਇੱਕ ਮਨੁੱਖ ਦਿਨ ਦੇ ਚੜ੍ਹਾਓ ਤੀਕ ਘੁਲਦਾ ਰਿਹਾ। 25ਤਾਂ ਜਦ ਓਸ
ਵੇਖਿਆ ਕਿ ਮੈਂ ਏਸ ਨੂੰ ਜਿੱਤ ਨਹੀਂ ਸੱਕਦਾ ਤਾਂ ਉਸ ਦੇ ਪੱਟ ਦੇ ਜੋੜ ਨੂੰ ਹੱਥ ਲਾ ਦਿੱਤਾ ਅਰ
ਯਾਕੂਬ ਦੇ ਪੱਟ ਦਾ ਜੋੜ ਉਸ ਦੇ ਨਾਲ ਘੁਲਨ ਦੇ ਕਾਰਨ ਨਿੱਕਲ ਗਿਆ। 26ਤਾਂ ਓਸ ਆਖਿਆ,
ਮੈਨੂੰ ਜਾਣ ਦੇਹ ਕਿਉਂਜੋ ਦਿਨ ਚੜ੍ਹ ਗਿਆ ਹੈ। ਓਸ ਆਖਿਆ, ਮੈਂ ਤੈਨੂੰ ਨਹੀਂ ਜਾਣ ਦਿਆਂਗਾ ਜਦ
ਤੀਕ ਤੂੰ ਮੈਨੂੰ ਬਰਕਤ ਨਾ ਦੇਵੇਂ। 27ਤਾਂ ਓਸ ਉਹ ਨੂੰ ਆਖਿਆ, ਤੇਰਾ ਨਾਉਂ ਕੀ ਹੈ? ਓਸ
ਆਖਿਆ, ਯਾਕੂਬ। 28ਓਸ ਆਖਿਆ, ਤੇਰਾ ਨਾਉਂ ਹੁਣ ਤੋਂ ਯਾਕੂਬ ਨਹੀਂ ਆਖਿਆ ਜਾਵੇਗਾ ਸਗੋਂ
ਇਸਰਾਏਲ ਕਿਉਂਜੋ ਤੂੰ ਪਰਮੇਸ਼ੁਰ ਅਤੇ ਮਨੁੱਖਾਂ ਨਾਲ ਜੁੱਧ ਕਰ ਕੇ ਜਿੱਤ ਗਿਆ ਹੈਂ। 29ਤਾਂ
ਯਾਕੂਬ ਨੇ ਪੁੱਛ ਕੇ ਆਖਿਆ, ਮੈਨੂੰ ਆਪਣਾ ਨਾਉਂ ਦੱਸੀਂ। ਤਾਂ ਓਸ ਆਖਿਆ, ਤੂੰ ਮੇਰਾ ਨਾਉਂ ਕਿਉਂ
ਪੁੱਛਦਾ ਹੈਂ? ਤਾਂ ਉਸ ਨੇ ਉਹ ਨੂੰ ਉੱਥੇ ਬਰਕਤ ਦਿੱਤੀ। 30ਉਪਰੰਤ ਯਾਕੂਬ ਨੇ ਉਸ ਅਸਥਾਨ
ਦਾ ਨਾਉਂ ਪਨੀਏਲ ਰੱਖਿਆ ਕਿਉਂਜੋ ਉਸ ਨੇ ਪਰਮੇਸ਼ੁਰ ਨੂੰ ਆਹਮੋਸਾਹਮਣੇ ਵੇਖਿਆ ਅਰ ਉਸ
ਦੀ ਜਿੰਦ ਬਚ ਗਈ। 31ਅਰ ਜਦ ਉਹ ਪਨੂਏਲ ਤੋਂ ਪਾਰ ਲੰਘ ਗਿਆ ਤਾਂ ਸੂਰਜ ਚੜ੍ਹ ਗਿਆ ਸੀ
ਅਰ ਉਹ ਆਪਣੇ ਪੱਟ ਤੋਂ ਲੰਙਾ ਸੀ। 32ਏਸ ਲਈ ਇਸਰਾਏਲੀ ਉਸ ਨਾੜੀ ਦੇ ਪੱਠੇ ਨੂੰ ਜਿਹੜਾ
ਪੱਟ ਦੇ ਜੋੜ ਉੱਤੇ ਹੈ ਅੱਜ ਤੀਕਰ ਨਹੀਂ ਖਾਂਦੇ ਕਿਉਂਜੋ ਉਸ ਨੇ ਯਾਕੂਬ ਦੀ ਨਾੜੀ ਦੇ ਪੱਠੇ ਨੂੰ
ਪੱਟ ਦੇ ਜੋੜ ਕੋਲ ਹੱਥ ਲਾ ਦਿੱਤਾ ਸੀ।**

**ਆਇਤਾਂ 22, 23.** ਹਾਲਾਂਕਿ ਯਾਕੂਬ ਨੇ ਏਸਾਓ ਨੂੰ ਮਿਲਣ ਦੇ ਲਈ ਆਪਣੇ ਟਹਿਲੂਆਂ ਨਾਲ ਮਿਲ ਕੇ ਸਾਰੀਆਂ ਤਿਆਰੀਆਂ ਕੀਤੀਆਂ ਹੋਈਆਂ ਸਨ, 32:21 ਵਿਚ ਆਖ਼ਰੀ ਕਥਨ ਕਹਿੰਦਾ ਹੈ ਕਿ ਯਾਕੂਬ "ਉਸ ਰਾਤ ਆਪਣੀ ਟੋਲੀ ਨਾਲ ਰਿਹਾ।" ਜਦ ਕਿ ਉਸ ਨੇ ਅਰਾਮ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਵੀਹ ਵਰਿਹਾਂ ਬਾਅਦ ਫੇਰ ਤੋਂ ਆਪਣੇ ਭਰਾ ਦਾ ਸਾਹਮਣਾ ਕਰਨ ਦੇ ਵਿਚਾਰ ਦੀ ਚਿੰਤਾ ਕਾਰਣ ਸ਼ਾਇਦ ਉਸ ਦੀ ਨੀਂਦ ਉੱਡ ਗਈ ਸੀ। ਲਿਖਤ ਕਹਿੰਦੀ ਹੈ ਕਿ **ਉਹ ਓਸੇ ਰਾਤ ਉੱਠਿਆ ਅਰ ਆਪਣੀਆਂ ਦੋਹਾਂ ਤੀਵੀਆਂ ਅਰ ਦੋਹਾਂ ਗੋੱਲੀਆਂ ਅਰ ਗਿਆਰਾਂ ਪੁੱਤ੍ਰਾਂ ਨੂੰ ਲੈਕੇ ਯੱਬੋਕ** [ਵਾਦੀ ਜ਼ਰਕਾ] **ਦੇ ਪੱਤਣ ਤੋਂ ਪਾਰ ਲੰਘਿਆ।** ਯੱਬੋਕ ਇਕ ਨਦੀ ਹੈ ਜੋ ਕਿ ਪੱਛਮ ਦੀ ਵੱਲ ਲਗਭਗ ਪੰਜਾਹ ਮੀਲ ਇਸ ਦੇ ਸ੍ਰੋਤ ਤੋਂ ਯਰਦਨ ਨਦੀ ਵਿਚ ਜਾ ਕੇ ਵਹਿੰਦੀ ਹੈ, ਜੋ ਕਿ ਲਗਭਗ ਮ੍ਰਿਤ ਸਾਗਰ ਦੇ ਉੱਤਰ ਵਿਚ ਵੀਹ ਮੀਲ ਦੀ ਦੂਰੀ ਤੇ ਹੈ।

ਯਾਕੂਬ ਦੇ "ਗਿਆਰਾਂ ਪੁੱਤ੍ਰਾਂ" ਦਾ ਹਵਾਲਾ ਥੋੜ੍ਹਾ ਉਲਝਣ ਵਾਲਾ ਹੈ ਕਿਉਂਕਿ ਇਸ ਸਮੇਂ ਉਸ

ਦੇ ਬਾਰਾਂ ਬੱਚੇ ਸਨ: ਗਿਆਰਾਂ ਪੁੱਤਰ ਅਤੇ ਇਕ ਧੀ, ਜਿਸ ਦਾ ਨਾਮ ਦੀਨਾਹ ਸੀ (30:21)। ਜਦ ਕਿ ਇਹ ਸੱਚ ਹੈ ਕਿ ਪੁਰਾਣੇ ਨੇਮ ਵਿਚ ਇਬਰਾਨੀ ਸ਼ਬਦ יְלָדִים (*ਯੀਲਾਦਿਮ)* ਦਾ ਅਰਥ ਆਮ ਤੌਰ ਤੇ "ਬੱਚੇ" ਹੁੰਦਾ ਹੈ, ਇਹ ਸੰਦਰਭ "ਪੁੱਤ੍ਰਾਂ" ਦੇ ਅਨੁਵਾਦ ਦੀ ਮੰਗ ਕਰਦਾ ਹੈ ਕਿਉਂਕਿ ਦੀਨਾਹ ਨੂੰ ਇਸ ਵਿਚ ਸ਼ਾਮਲ ਨਹੀਂ ਕੀਤਾ ਗਿਆ ਹੈ[11] (ਵੇਖੋ KJV; NKJV; NEB; REB; NIV; NCV; NLT)। ਉਸ ਦੇ ਸ਼ਾਮਲ ਨਾ ਕੀਤੇ ਜਾਣ ਦਾ ਕਾਰਣ ਇਹ ਹੈ ਕਿ "ਇਸਰਾਏਲ" ਨਾਉਂ ਜੋ 32:28 ਵਿਚ ਪਹਿਲਾਂ ਯਾਕੂਬ ਨੂੰ ਦਿੱਤਾ ਗਿਆ ਸੀ, ਬਾਅਦ ਵਿਚ ਇਕ ਕੌਮ ਦੇ ਰੂਪ ਵਿਚ ਉਸ ਦੇ ਬਾਰਾਂ ਪੁੱਤਰਾਂ ਦੀ ਅੰਸ ਤੇ ਲਾਗੂ ਕੀਤਾ ਗਿਆ ਸੀ। ਕਿਉਂਕਿ ਦੀਨਾਹ ਦੀ ਇਸਰਾਏਲ ਦੀ ਕੌਮ ਨੂੰ ਸਥਾਪਤ ਕਰਨ ਵਿਚ ਕੋਈ ਭੂਮਿਕਾ ਨਹੀਂ ਸੀ, ਲੇਖਕ ਨੇ ਇੱਥੇ ਉਸ ਨੂੰ ਸ਼ਾਮਲ ਨਹੀਂ ਸੀ ਕੀਤਾ,[12] ਭਾਵੇਂ ਕਿ 34 ਅਧਿਆਇ ਵਿਚ ਉਸ ਦਾ ਨਾਉਂ ਆਉਂਦਾ ਹੈ। ਫਿਰ ਵੀ, ਉਹ ਦੂਜਿਆਂ ਦੇ ਨਾਲ ਸੀ ਜਦੋਂ ਯਾਕੂਬ ਨੇ ਆਪਣੇ ਪਰਿਵਾਰ, ਟਹਿਲੂਆਂ, ਇੱਜੜਾਂ ਅਤੇ ਪਸ਼ੂਆਂ ਦੇ ਝੁੰਡ ਨੂੰ **ਜੋ ਉਸ ਦੇ ਕੋਲ ਸੀ ਪਾਰ ਲੰਘਾ ਦਿੱਤਾ**।

**ਆਇਤ 24.** ਲਿਖਤ ਇਹ ਨਹੀਂ ਦੱਸਦੀ ਕਿ ਕਿਉਂ **ਯਾਕੂਬ** ਨੇ ਯੱਬੋਕ ਦੇ ਦੂਜੇ ਪਾਸੇ ਆਪਣੀ ਟੋਲੀ ਤੋਂ ਇਕੱਲਾ ਰਹਿਣਾ ਚੁਣਿਆ ਸੀ। ਪੁਰਖੇ ਦੇ ਇਕੱਲੇ ਰਹਿਣ ਦੇ ਬਹੁਤ ਸਾਰੇ ਕਾਰਣ ਦਿੱਤੇ ਗਏ ਹਨ: ਕਰਤੱਵ, ਡਰ, ਨਿੱਜੀ ਜਾਂਚ ਦੀ ਲੋੜ, ਜਾਂ ਪਰਮੇਸ਼ੁਰ ਨਾਲ ਇਕੱਲੇ ਸਮਾਂ ਬਿਤਾਉਣਾ ਕਿਉਂਕਿ ਏਸਾਓ ਦੇ ਪਹੁੰਚਣ ਦੀ ਵਿਨਾਸ਼ਕ ਘੜੀ ਨੇੜੇ ਆ ਰਹੀ ਸੀ। ਯਾਕੂਬ ਦੇ ਇਸ ਇਕੱਲੇਪਣ ਦਾ ਕਾਰਣ ਭਾਵੇਂ ਕੋਈ ਵੀ ਰਿਹਾ ਹੋਵੇ, ਇਸ ਦਾ ਇਕ ਮਹੱਤਵਪੂਰਣ ਅਧਿਆਤਮਕ ਉਦੇਸ਼ ਸੀ। ਆਖ਼ਰਕਾਰ ਜਦੋਂ ਉਹ ਇਕੱਲਾ ਸੀ ਤਾਂ ਉਸ ਦੀ ਮੁਲਾਕਾਤ ਪਰਮੇਸ਼ੁਰ ਦੇ ਨਾਲ ਹੋਈ - ਬਹਾਨਿਆਂ, ਧੋਖੇ, ਸੰਪਤੀਆਂ, ਜਾਂ ਸੁਰੱਖਿਆ ਦੇ ਕਿਸੇ ਵੀ ਰੂਪ ਤੋਂ ਬਿਨਾਂ। ਪਰਮੇਸ਼ੁਰ ਦੇ ਦ੍ਰਿਸ਼ਟੀਕੋਣ ਤੋਂ, ਯਾਕੂਬ ਦੀ ਜੱਦੋ-ਜਹਿਦ, ਜਿਹੜੀ ਕਿ ਉਹ ਸਰੀਰਕ ਤੌਰ ਤੇ ਵਿਖਾਵੇਗਾ, ਅਸਲ ਵਿਚ ਉਸ ਦੇ ਭਰਾ ਦੀ ਬਜਾਇ ਉਸ ਦੇ ਆਪਣੇ ਚਲਾਕੀ ਵਾਲੇ, ਧੋਖੇਬਾਜ਼ੀ ਵਾਲੇ ਅਤੇ ਖੁਦ ਦੀ ਟਹਿਲ ਕਰਨ ਵਾਲਿਆਂ ਤਰੀਕਿਆਂ ਦੇ ਵਿਰੁੱਧ ਹੋਵੇਗੀ। ਸ਼ਾਇਦ ਇਸੇ ਕਰਕੇ **ਇਕ ਮਨੁੱਖ** ਨੇ ਯਾਕੂਬ ਤੇ ਹਮਲਾ ਕੀਤਾ ਸੀ ਅਤੇ ਉਸ ਦੇ ਨਾਲ **ਦਿਨ ਦੇ ਚੜ੍ਹਾਓ ਤੀਕ ਘੁਲਦਾ ਰਿਹਾ**। ਇਸ ਗੰਭੀਰ ਸਥਿਤੀ ਦੇ ਸੰਬੰਧ ਵਿਚ, ਸੁਭਾਵਕ ਤੌਰ ਤੇ ਇਕ ਸਵਾਲ ਖੜ੍ਹਾ ਹੁੰਦਾ ਹੈ: "ਇਹ ਰਹੱਸਮਈ ਮਨੁੱਖ ਕੌਣ ਸੀ?" 32:28 ਵਿਚ ਜਾ ਕੇ ਲਿਖਤ ਉਸ ਮਨੁੱਖ ਨੂੰ "ਪਰਮੇਸ਼ੁਰ" ਵਜੋਂ ਪਛਾਣਦੀ ਹੈ। ਕਈ ਸਦੀਆਂ ਬਾਅਦ, ਹੋਸ਼ੇਆ ਨੇ ਉਸ ਨੂੰ "ਪਰਮੇਸ਼ੁਰ" ਅਤੇ "ਦੂਤ" ਦੋਹਾਂ ਦੇ ਰੂਪ ਵਿਚ ਪਛਾਣਿਆ (ਹੋਸ਼ੇਆ 12:3, 4)। ਇਸ ਦੂਤ ਨੇ ਕਈ ਵਾਰ ਪਰਮੇਸ਼ੁਰ ਦੇ ਤੌਰ ਤੇ ਗੱਲ ਕੀਤੀ, ਇਸ ਨੂੰ ਪਰਮੇਸ਼ੁਰ ਮੰਨਿਆ ਗਿਆ ਅਤੇ ਫਿਰ ਵੀ ਉਹ ਇਕ ਮਨੁੱਖ ਵਰਗਾ ਦਿਸਦਾ ਸੀ (16:7 ਤੇ ਟਿੱਪਣੀਆਂ ਵੇਖੋ)।[13]

**ਆਇਤ 25.** ਲੇਖਕ ਨੇ ਯਾਕੂਬ ਦੇ ਦ੍ਰਿਸ਼ਟੀਕੋਣ ਤੋਂ ਇਨ੍ਹਾਂ ਅਜੀਬ ਘਟਨਾਵਾਂ ਦੇ ਵਰਣਨ ਨੂੰ ਜਾਰੀ ਰੱਖਿਆ; ਇਸ ਲਈ, ਉਸ ਨੇ ਦੱਸਿਆ ਕਿ ਇਕ ਅਜਨਬੀ ਨੇ ਅਚਾਣਕ ਪੁਰਖੇ ਤੇ ਹਮਲਾ ਕਰਨ ਦਿੱਤਾ ਅਤੇ ਇਕ ਖ਼ਤਰਨਾਕ ਲੜਾਈ ਸ਼ੁਰੂ ਹੋ ਗਈ। ਇਹ ਕੁਸ਼ਤੀ ਦਾ ਮੈਚ ਕਾਫੀ ਸਮੇਂ ਤੱਕ ਚੱਲਦਾ ਰਿਹਾ, ਜਦੋਂ ਤੱਕ ਉਸ ਮਨੁੱਖ (ਦੂਤ) ਨੂੰ ਇਹ ਅਹਿਸਾਸ ਨਹੀਂ ਹੋਇਆ ਕਿ ਮੈਂ ਯਾਕੂਬ ਨੂੰ **ਜਿੱਤ ਨਹੀਂ ਸਕਦਾ**। ਦੂਤ ਨੇ ਬਰਾਬਰ ਦੀਆਂ ਸ਼ਰਤਾਂ ਤੇ ਯਾਕੂਬ ਨਾਲ ਘੋਲ ਕਰਨ ਦੇ ਲਈ ਆਪਣੇ ਆਪ ਨੂੰ ਅਧੀਨ ਕੀਤਾ ਹੋਵੇਗਾ, ਇਸ ਲਈ ਉਹ ਉਸ ਨੂੰ ਹਰਾਉਣ ਵਿੱਚ ਅਸਮਰੱਥ ਸੀ। ਦੂਜੇ ਮਨੁੱਖਾਂ ਦੀ ਤੁਲਨਾ ਵਿਚ, ਯਾਕੂਬ ਕਮਜ਼ੋਰ ਦਿਲ ਵਾਲਾ ਵਿਅਕਤੀ ਨਹੀਂ

ਸੀ। ਵੀਹ ਸਾਲ ਪਹਿਲਾਂ, ਉਸ ਨੇ ਇਕ ਖੂਹ ਦੇ ਮੂੰਹ ਤੋਂ ਇਕ ਪੱਥਰ ਨੂੰ ਪਾਸੇ ਰੇੜ੍ਹ ਕੇ ਆਪਣੀ ਤਾਕਤ ਵਿਖਾਈ ਸੀ, ਇਹ ਇਕ ਅਜਿਹਾ ਕਰਤੱਬ ਸੀ ਜਿਸ ਦੇ ਲਈ ਆਮ ਤੌਰ ਤੇ ਕਈ ਅਯਾਲੀਆਂ ਦੀ ਲੋੜ ਹੁੰਦੀ ਸੀ (29:10)। ਜਦੋਂ ਦੂਤ ਇਹ ਸਮਝ ਗਿਆ ਕਿ ਉਹ ਪੁਰਖੇ ਨੂੰ ਨਹੀਂ ਹਰਾ ਸਕਦਾ, ਉਸ ਨੇ **ਉਸ** [ਯਾਕੂਬ] **ਦੇ ਪੱਟ ਦੇ ਜੋੜ ਨੂੰ ਹੱਥ ਲਾ ਦਿੱਤਾ ਅਤੇ ਪੱਟ ਦਾ ਜੋੜ ਨਿੱਕਲ ਗਿਆ**। ਫਿਰ ਵੀ, ਕੁਸ਼ਤੀ ਦਾ ਇਹ ਮੈਚ ਚੱਲਦਾ ਰਿਹਾ ਕਿਉਂਕਿ ਯਾਕੂਬ ਨੇ ਹਾਰ ਮੰਨਣ ਤੋਂ ਇਨਕਾਰ ਕਰ ਦਿੱਤਾ।

**ਆਇਤ 26.** ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ, ਦੋਵੇਂ ਪਹਿਲਵਾਨ ਥੱਕ ਗਏ। ਫਿਰ ਕੁਸ਼ਤੀ ਦਾ ਇਹ ਮੈਚ ਮੌਖਿਕ ਮੁਕਾਬਲੇ ਵਿਚ ਬਦਲ ਗਿਆ। ਦੂਤ ਨੇ ਯਾਕੂਬ ਨੂੰ ਆਖਿਆ, **ਮੈਨੂੰ ਜਾਣ ਦੇਹ ਕਿਉਂਜੋ ਦਿਨ ਚੜ੍ਹ ਗਿਆ ਹੈ।** ਸ਼ਾਇਦ ਉਹ ਨਹੀਂ ਸੀ ਚਾਹੁੰਦਾ ਕਿ ਚਾਨਣ ਵਿਚ ਉਸ ਦੀ ਅਸਲੀ ਪਛਾਣ ਜ਼ਾਹਿਰ ਹੋ ਜਾਵੇ, ਪਰ ਯਾਕੂਬ ਨੂੰ ਪਹਿਲਾਂ ਤੋਂ ਪਤਾ ਲੱਗ ਚੁੱਕਾ ਸੀ ਕਿ ਉਸ ਦਾ ਵਿਰੋਧੀ ਕਿਸੇ ਕਿਸਮ ਦਾ ਦੈਵੀ ਮਨੁੱਖ ਹੈ। ਉਸ ਨੇ ਅਜਨਬੀ ਨੂੰ ਉੱਤਰ ਦਿੱਤਾ, **ਮੈਂ ਤੈਨੂੰ ਨਹੀਂ ਜਾਣ ਦਿਆਂਗਾ ਜਦ ਤੀਕ ਤੂੰ ਮੈਨੂੰ ਬਰਕਤ ਨਾ ਦੇਵੇਂ।** ਅੰਤ ਵਿੱਚ, ਯਾਕੂਬ ਨੇ ਇਸ ਨਾਜ਼ੁਕ ਸਥਿਤੀ ਵਿਚ ਆਪਣੀ ਲਾਚਾਰੀ ਨੂੰ ਪਰਗਟ ਕੀਤਾ: ਉਹ ਜਾਣਦਾ ਸੀ ਕਿ ਏਸਾਓ ਛੇਤੀ ਹੀ ਪਹੁੰਚ ਜਾਵੇਗਾ ਅਤੇ ਉਸ ਨੂੰ ਇਸ ਗੱਲ ਦੀ ਕੋਈ ਗਰੰਟੀ ਨਹੀਂ ਸੀ ਕਿ ਉਹ ਜਾਂ ਉਸ ਦੇ ਅਜੀਜ਼ਾਂ ਵਿੱਚੋਂ ਕੋਈ ਉਸ ਦੇ ਭਰਾ ਦੇ ਕਰੋਧ ਤੋਂ ਬਚੇਗਾ ਜਾਂ ਨਹੀਂ।

**ਆਇਤ 27.** ਜਦੋਂ ਦੂਤ ਨੇ ਪੁੱਛਿਆ, **ਰਾ ਨਾਉਂ ਕੀ ਹੈ?** ਪੁਰਖੇ ਨੇ ਉੱਤਰ ਦਿੱਤਾ, **ਯਾਕੂਬ**। ਨਿਸ਼ਚਤ ਤੌਰ ਤੇ, ਇਹ ਦੈਵੀ ਮਨੁੱਖ ਯਾਕੂਬ ਦਾ ਨਾਮ, ਨਾਲੇ ਉਸ ਦੇ ਚਰਿੱਤਰ ਨੂੰ ਜਾਣਦਾ ਸੀ। ਉਹ ਚਾਹੁੰਦਾ ਸੀ ਕਿ ਯਾਕੂਬ ਉਸ ਨੂੰ ਆਪਣਾ ਨਾਮ ਖੁਦ ਦੱਸੇ ਕਿਉਂਕਿ ਇਹ ਸੱਚਮੁੱਚ ਉਸ ਦੇ ਸੁਭਾਅ ਨੂੰ ਪਰਗਟ ਕਰਦਾ ਸੀ; ਇਸ ਨੇ ਉਸ ਨੂੰ ਉਸ ਦੇ ਧੋਖੇਬਾਜ਼ੀ ਵਾਲੇ ਭੂਤਕਾਲ ਤੇ ਵਿਚਾਰ ਕਰਨ ਦੇ ਲਈ ਮਜਬੂਰ ਕਰ ਦਿੱਤਾ, ਉਸ ਵਿਅਕਤੀ ਦੇ ਵਜੋਂ ਜਿਸ ਨੇ ਧੋਖੇ ਅਤੇ ਛਲ ਨਾਲ ਆਪਣੇ ਭਰਾ ਦੀ "ਥਾਂ ਲਈ ਸੀ" (27:36)। ਉਸ ਦੇ ਪੁਰਾਣੇ ਨਾਮ ਅਤੇ ਇਸ ਦੀ ਨਾਕਾਫੀ ਅਨੁਕੂਲਤਾ ਨੂੰ ਸਵੀਕਾਰਨ ਨੇ ਉਸ ਨੂੰ ਇਕ ਨਵਾਂ ਨਾਉਂ ਪ੍ਰਾਪਤ ਕਰਨ ਦੇ ਲਈ ਤਿਆਰ ਕੀਤਾ।

**ਆਇਤ 28.** ਦੂਤ ਨੇ ਪੁਰਖੇ ਨੂੰ ਆਖਿਆ ਕਿ **ਤੇਰਾ ਨਾਉਂ ਹੁਣ ਤੋਂ ਯਾਕੂਬ ਨਹੀਂ ਆਖਿਆ ਜਾਵੇਗਾ**, ਜਿਸ ਦਾ ਅਰਥ ਹੈ "ਉਹ ਜਿਸ ਨੇ ਅੱਡੀ ਫੜੀ ਹੋਈ ਸੀ" (ਵੇਖੋ 25:26; 27:36), **ਸਗੋਂ ਇਸਰਾਏਲ**। ਹਾਲਾਂਕਿ ਭਾਸ਼ਾ ਵਿਗਿਆਨੀਆਂ ਵਿਚ ਇਸ ਗੱਲ ਦੀ ਆਪਸੀ ਸਹਿਮਤੀ ਨਹੀਂ ਬਣ ਪਾਈ ਹੈ ਕਿ "ਇਸਰਾਏਲ" ਨਾਉਂ ਦਾ ਅਰਥ ਕੀ ਹੈ, KJV ਬਾਈਬਲ ਦਾ ਅਨੁਵਾਦ ਸੁਝਾਅ ਦਿੰਦਾ ਹੈ ਕਿ ਇਸ ਦਾ ਅਰਥ "ਪਰਮੇਸ਼ੁਰ ਦਾ ਸ਼ਹਿਜ਼ਾਦਾ" ਹੈ। NIV ਬਾਈਬਲ ਵਿਚ ਦਰਮਿਆਨਾ ਜਿਹਾ ਸੁਰ "ਇਸਰਾਏਲ" ਨੂੰ "ਉਹ ਜਿਸ ਨੇ ਪਰਮੇਸ਼ੁਰ ਨਾਲ ਘੋਲ ਕੀਤਾ" ਵਜੋਂ ਪਰਿਭਾਸ਼ਿਤ ਕਰਦਾ ਹੈ। ਇਬਰਾਨੀ ਵਿਚ ਇਸ ਦਾ ਅਰਥ ਜਾਂ ਤਾਂ "ਪਰਮੇਸ਼ੁਰ ਜਿੱਤ ਪਾਉਂਦਾ ਹੈ" ਜਾਂ "ਏਲ [ਪਰਮੇਸ਼ੁਰ] ਹੀ ਸੰਭਾਲੇ" ਹੋ ਸਕਦਾ ਹੈ[14]; ਪਰ ਇਹ "ਇਸਰਾਏਲ" ਬਾਰੇ ਦੂਤ ਦੀ ਪਰਿਭਾਸ਼ਾ ਦਾ ਖੰਡਣ ਕਰਦਾ ਹੈ: **ਕਿਉਂਜੋ ਤੂੰ ਪਰਮੇਸ਼ੁਰ ਅਤੇ ਮਨੁੱਖਾਂ ਨਾਲ ਜੁੱਧ ਕਰ ਕੇ ਜਿੱਤ ਗਿਆ ਹੈਂ।** "ਇਸਰਾਏਲ" ਦਾ ਅਰਥ ਵਿਰੋਧਾਭਾਸੀ ਹੈ: ਜਦੋਂ ਯਾਕੂਬ ਆਪਣੇ ਆਪ ਨੂੰ ਪਰਮੇਸ਼ੁਰ ਦੇ ਅੱਗੇ ਅਧੀਨ ਕਰਨ ਅਤੇ ਆਪਣੇ ਜੀਵਨ ਵਿਚ ਪਰਮੇਸ਼ੁਰ ਨੂੰ ਜਿੱਤ ਪਾਉਣ ਦੇਣ ਦੇ ਲਈ ਤਿਆਰ ਹੋਇਆ ਤਦ ਹੀ ਉਹ ਆਪਣੇ ਹਾਲਾਤਾਂ ਉੱਤੇ ਜਿੱਤ ਪਾਉਣ ਵਿਚ ਸਮਰੱਥ ਹੋਇਆ ਸੀ। ਬਾਈਬਲ ਦੇ ਹੋਰਨਾਂ ਵਿਰਤਾਂਤਾਂ ਵਿਚ, ਜਦੋਂ ਕੋਈ ਨਾਮ ਬਦਲਿਆ ਗਿਆ ਸੀ, ਇਸ ਦਾ ਅਰਥ

ਚਰਿੱਤਰ ਅਤੇ ਜੀਵਨ ਦਾ ਬਦਲਾਅ ਸੀ (17:4, 5, 15, 16; ਗਿਣਤੀ 13:16; ਯੂਹੰਨਾ 1:40-42)। ਇੱਥੇ ਵੀ ਮਾਮਲਾ ਕੁਝ ਉਸੇ ਤਰ੍ਹਾਂ ਦਾ ਹੀ ਸੀ। ਨਾਮ ਦਾ ਬਦਲਣਾ ਯਾਕੂਬ ਅਤੇ ਉਸ ਦੀ ਅੰਸ ਉੱਤੇ ਪਰਮੇਸ਼ੁਰ ਦੀਆਂ ਬਰਕਤਾਂ ਨੂੰ ਲੈ ਕੇ ਆਇਆ ਸੀ।

**ਆਇਤ 29.** ਇਸ ਰਹੱਸਮਈ ਪਹਿਲਵਾਨ ਦੇ ਕਥਨ ਨੇ **ਯਾਕੂਬ** ਨੂੰ ਨਵਾਂ ਭਰੋਸਾ ਦਿੱਤਾ। ਹਾਲਾਂਕਿ ਉਹ ਅਸਲ ਵਿਚ ਜੇਤੂ ਨਹੀਂ ਸੀ ਹੋਇਆ, ਨਾ ਹੀ ਉਹ ਇਸ ਵਿਰੋਧੀ ਦੂਤ ਕੋਲੋਂ ਸਰੀਰਕ ਤੌਰ ਤੇ ਹਾਰਿਆ ਸੀ; ਹੁਣ ਉਹ ਉਸ ਦੇ ਨਾਲ ਜ਼ੁਬਾਨੀ ਮੁਕਾਬਲਾ ਕਰਨਾ ਚਾਹੁੰਦਾ ਸੀ। ਉਸ ਨੇ ਇਕ ਬੇਨਤੀ ਕਰਨ ਦੀ ਦਿਲੇਰੀ ਵਿਖਾਈ: **ਮੈਨੂੰ ਆਪਣਾ ਨਾਉਂ ਦੱਸੀਂ।** ਪ੍ਰਾਚੀਨ ਸੰਸਾਰ ਵਿਚ, ਵਿਅਕਤੀ ਦੇ ਨਾਮ ਨੂੰ ਜਾਣਨਾ ਉਸ ਵਿਅਕਤੀ ਤੱਕ ਪਹੁੰਚ ਦਿੰਦਾ ਸੀ। ਗੈਰ-ਯਹੂਦੀ ਲੋਕਾਂ ਵਿਚ, ਇਸ ਦਾ ਅਰਥ ਅਕਸਰ ਦੈਵੀ ਮਨੁੱਖ ਤੇ ਅਧਿਕਾਰ ਹੁੰਦਾ ਸੀ। ਸ਼ਾਇਦ ਇਸੇ ਕਰਕੇ ਦੂਤ ਨੇ ਯਾਕੂਬ ਦੇ ਇਸ ਸਵਾਲ ਦਾ ਸਿੱਧਾ ਜਵਾਬ ਨਹੀਂ ਸੀ ਦਿੱਤਾ; ਬਜਾਇ ਇਸ ਦੇ, ਉਸ ਨੇ ਉੱਤਰ ਦਿੱਤਾ, **ਤੂੰ ਮੇਰਾ ਨਾਉਂ ਕਿਉਂ ਪੁੱਛਦਾ ਹੈਂ?** (ਵੇਖੋ ਨਿਆਈਆਂ 13:17, 18)। ਦੂਤ ਦਾ ਇਸ ਤਰ੍ਹਾਂ ਦਾ ਸਵਾਲ ਇਹ ਪੁੱਛਣ ਦਾ ਇਕ ਤਰੀਕਾ ਹੋਵੇਗਾ ਕਿ "ਯਾਕੂਬ, ਕੀ ਤੈਨੂੰ ਨਹੀਂ ਪਤਾ ਕਿ ਮੈਂ ਕੌਣ ਹਾਂ?"[15] ਪੁਰਖੇ ਨੇ ਉਸ ਪਹਿਲਵਾਨ ਨਾਲ ਇਸ ਗੱਲ ਨੂੰ ਹੋਰ ਅੱਗੇ ਨਹੀਂ ਵਧਾਇਆ ਅਤੇ ਉਨ੍ਹਾਂ ਦੀ ਇਹ ਗੱਲਬਾਤ ਲੇਖਕ ਦੇ ਇਸ ਕਥਨ ਨਾਲ ਅਚਾਣਕ ਖਤਮ ਹੋ ਗਈ ਕਿ **ਉਸ ਨੇ ਉਹ ਨੂੰ ਉੱਥੇ ਬਰਕਤ ਦਿੱਤੀ**। ਦੂਤ ਨੇ ਯਾਕੂਬ ਨੂੰ ਕਿਹੜੀ ਬਰਕਤ ਦਿੱਤੀ ਇਸ ਗੱਲ ਤੋਂ ਅਸੀਂ ਅਣਜਾਣ ਹਾਂ।

**ਆਇਤ 30.** ਇਸ ਮੁਲਾਕਾਤ ਦੇ ਕਾਰਣ, **ਯਾਕੂਬ ਨੇ ਉਸ ਅਸਥਾਨ ਦਾ ਨਾਉਂ ਪਨੀਏਲ ਰੱਖਿਆ**। ਫਿਰ ਵੀ, ਦੂਜੀਆਂ ਆਇਤਾਂ ਵਿਚ (ਅਗਲੀ ਆਇਤ ਸਮੇਤ) ਪਨੀਏਲ ਦੀ ਥਾਂ "ਪਨੂਏਲ" ਸ਼ਬਦ ਵਰਤਿਆ ਗਿਆ ਹੈ (32:31; ਨਿਆਈਆਂ 8:8, 9; 1 ਰਾਜਿਆਂ 12:25)। ਦੋਵਾਂ ਸ਼ਬਦਾਂ ਦਾ ਅਰਥ "ਪਰਮੇਸ਼ੁਰ ਦਾ ਚਿਹਰਾ" ਹੈ, ਪਰ ਇਬਰਾਨੀ ਲਿਖਤ ਵਿਚ "ਪਨੀਏਲ" ਅਵਾਜ਼ ਵਿਚ ਯਾਕੂਬ ਦੀ ਵਿਆਖਿਆ ਲਈ ਜ਼ਿਆਦਾ ਨੇੜੇ ਹੈ।[16] ਉਸ ਨੇ ਪੁਕਾਰ ਨੇ ਆਖਿਆ, **ਮੈਂ ਪਰਮੇਸ਼ੁਰ ਨੂੰ ਆਹਮੋਸਾਹਮਣੇ** [פָּנִים אֶל־פָּנִים, *ਪਾਨਿਮ ਏਲ ਪਾਨਿਮ]* **ਵੇਖਿਆ ਅਰ ਮੇਰੀ ਦੀ ਜਿੰਦ ਬਚ ਗਈ** (16:13 ਤੇ ਟਿੱਪਣੀਆਂ ਵੇਖੋ)। ਬੇਸ਼ੱਕ, ਅਸਲ ਵਿਚ ਪਰਮੇਸ਼ੁਰ ਜਿਸ ਤਰ੍ਹਾਂ ਦਾ ਹੈ ਉਸ ਨੂੰ ਕੋਈ ਨਹੀਂ ਵੇਖ ਸਕਦਾ, ਕਿਉਂਕਿ ਉਹ ਉਸ ਨੂੰ ਨਾਸਵਾਨ ਖ਼ਤਰੇ ਵਿਚ ਪਾ ਸਕਦਾ ਹੈ (ਕੂਚ 33:20)। ਯੂਹੰਨਾ 1:18 ਦੱਸਦੀ ਹੈ ਕਿ "ਕਿਸੇ ਨੇ ਪਰਮੇਸ਼ੁਰ ਨੂੰ ਕਦੇ ਨਹੀਂ ਵੇਖਿਆ" (ਵੇਖੋ 1 ਤਿਮੋਥਿਉਸ 6:16; 1 ਯੂਹੰਨਾ 4:12)। ਉਹ ਨਾਸਵਾਨ ਮਨੁੱਖ ਦੇ ਲਈ "ਅਲੱਖ" ਹੈ (ਕੁਲੁੱਸੀਆਂ 1:15)। ਹੋਸ਼ੇਆ ਨੇ ਕਿਹਾ ਕਿ ਪਰਮੇਸ਼ੁਰ ਨਾਲ ਯਾਕੂਬ ਦੀ ਮੁਲਾਕਾਤ ਅਸਲ ਵਿਚ ਉਸ ਦੇ ਦੂਤ ਨਾਲ ਸੀ (ਹੋਸ਼ੇਆ 12:3, 4)। ਇਹ ਮੁਲਾਂਕਣ ਪੁਰਖਿਆਂ ਦੇ ਲਈ ਪਰਮੇਸ਼ੁਰ ਦੇ ਦਰਸ਼ਣਾਂ (ਦ੍ਰਿਸ਼ ਰੂਪਾਂ) ਦੇ ਸਮਾਨ ਹੈ (ਵੇਖੋ 17:1-22; 22:11, 15; 28:12, 13; 31:11-13)। ਕਿਰਪਾ ਨਾਲ, ਉਨ੍ਹਾਂ ਨੇ ਪਰਮੇਸ਼ੁਰ ਦੇ ਵੱਖ-ਵੱਖ ਪ੍ਰਗਟਾਵਿਆਂ ਨੂੰ ਵੇਖਿਆ ਜਾਂ ਅਨੁਭਵ ਕੀਤਾ ਅਤੇ ਜੀਉਂਦੇ ਰਹੇ, ਜਿਵੇਂ ਕਿ ਇਸ ਮੌਕੇ ਯਾਕੂਬ ਜੀਉਂਦਾ ਰਿਹਾ।

**ਆਇਤ 31.** ਜਦੋਂ ਅਕਾਸ਼ ਵਿਚ **ਸੂਰਜ ਚੜ੍ਹ ਗਿਆ** ਅਤੇ ਇਕ ਨਵਾਂ ਦਿਨ ਆਰੰਭ ਹੋ ਗਿਆ, ਇਹ ਸਮੇਂ ਦੇ ਗੁਜਰਣ ਤੋਂ ਵੱਧ ਕੇ ਕਿਸੇ ਗੱਲ ਦਾ ਪ੍ਰਤੀਕ ਸੀ। ਇਹ ਯਾਕੂਬ ਦੇ ਜੀਵਨ ਇਕ ਨਵੇਂ ਯੁੱਗ ਦਾ ਆਰੰਭ ਸੀ। **ਉਹ ਪਨੂਏਲ ਤੋਂ ਪਾਰ ਲੰਘ ਗਿਆ ਅਰ ਅਰ ਉਹ ਆਪਣੇ ਪੱਟ ਤੋਂ ਲੰਙਾ ਸੀ**। ਪੁਰਖਾ ਉੱਥੋਂ ਟੁੱਟਾ ਹੋਇਆ, ਪਰ ਇਕ ਨਵਾਂ ਨਾਮ ਪ੍ਰਾਪਤ ਕਰਕੇ ਅਤੇ ਬਰਕਤ ਨੂੰ

ਪਾ ਕੇ ਨਿੱਕਲਿਆ। ਜਦ ਕਿ ਉਸ ਦਾ ਲੰਗੜਾ ਕੇ ਚੱਲਣਾ ਉਸ ਉੱਤੇ ਪਰਮੇਸ਼ੁਰ ਦੇ ਨਿਆਂ ਦਾ ਸਬੂਤ ਸੀ, ਉਸ ਦਾ ਨਵਾਂ ਨਾਮ ਪਰਮੇਸ਼ੁਰ ਨਾਲ ਉਸ ਦੇ ਨਵੇਂ ਰਿਸ਼ਤੇ ਦਾ ਸਬੂਤ ਸੀ। ਯਾਕੂਬ ਆਪਣੇ ਜੀਵਨ ਵਿਚ ਸਭ ਤੋਂ ਮਹੱਤਵਪੂਰਣ ਮੋੜ ਤੇ ਆ ਚੁੱਕਾ ਸੀ। ਉਹ ਇਸ ਲਈ ਜਿੱਤਿਆ ਕਿਉਂਕਿ ਆਖ਼ਰਕਾਰ ਉਸ ਨੇ ਪਰਮੇਸ਼ੁਰ ਨੂੰ ਆਪਣੇ ਜੀਵਨ ਵਿਚ ਜਿੱਤਣ ਦਿੱਤਾ। ਉਸ ਦਾ ਲੰਗੜਾ ਕੇ ਚੱਲਣਾ ਉਸ ਉੱਤੇ ਪਰਮੇਸ਼ੁਰ ਦੇ ਇਕ ਚਿੰਨ੍ਹ ਵਜੋਂ ਕੰਮ ਕਰਦਾ ਸੀ ਅਤੇ ਇਹ ਉਸ ਨੂੰ ਹਮੇਸ਼ਾ ਚੇਤੇ ਕਰਾਵੇਗਾ ਕਿ ਉਹ ਆਤਮ-ਨਿਰਭਰ ਨਹੀਂ ਸੀ।

**ਆਇਤ 32.** ਯਾਕੂਬ ਜਾਣਦਾ ਸੀ ਕਿ ਉਸ ਨੂੰ ਆਪਣੇ ਵਿਹਾਰ ਦਾ ਤਰੀਕਾ ਬਦਲਣਾ ਪੈਣਾ ਸੀ; ਪਰ ਉਸ ਦਾ ਅਨੁਭਵ ਉਸ ਦੀ ਅੰਸ ਦੇ ਖਾਣ-ਪੀਣ ਦੇ ਤਰੀਕੇ ਵਿਚ ਵੀ ਬਦਲਾਅ ਲੈ ਕੇ ਆਇਆ ਸੀ। ਪਰਮੇਸ਼ੁਰ ਨਾਲ ਯਾਕੂਬ ਦੀ ਮੁਲਾਕਾਤ ਦੀ ਯਾਦ ਵਿਚ, ਜਦੋਂ **ਇਸਰਾਏਲ ਦੇ ਪੁੱਤ੍ਰਾਂ** ਨੇ ਮਾਸ ਖਾਧਾ, ਉਨ੍ਹਾਂ ਨੇ **ਨਾੜੀ ਦੇ ਪੱਠੇ** ["ਨਸ"[17] ਜਾਂ "ਸਾਇਟਿਕ ਨਾੜ"[18]] **ਨੂੰ ਜਿਹੜਾ ਪੱਟ ਦੇ ਜੋੜ ਉੱਤੇ ਹੈ** ਖਾਣ ਤੋਂ ਮਨ੍ਹਾ ਕਰ ਦਿੱਤਾ ਕਿਉਂਕਿ [ਦੂਤ ਨੇ] **ਯਾਕੂਬ ਦੀ ਨਾੜੀ ਦੇ ਪੱਠੇ ਨੂੰ ਪੱਟ ਦੇ ਜੋੜ ਕੋਲ ਹੱਥ ਲਾ ਦਿੱਤਾ ਸੀ।** ਪਰਮੇਸ਼ੁਰ ਦੀ ਪ੍ਰੇਰਣਾ ਪ੍ਰਾਪਤ ਕੀਤੇ ਲੇਖਕ ਨੇ ਕਿਹਾ ਕਿ ਇਹ ਰੀਤ ਸਗੋਂ ਉਸ ਦੇ ਆਪਣੇ ਸਮੇਂ ਤੱਕ (**ਅੱਜ ਤੀਕਰ**) ਚੱਲਦੀ ਆ ਰਹੀ ਹੈ।[19]

ਯਾਕੂਬ ਨੂੰ ਪਰਮੇਸ਼ੁਰ ਦੀ ਸ਼ਕਤੀ ਅਤੇ ਗਿਆਨ ਦੀ ਇਕ ਹੋਰ ਤਾਕੀਦ ਮਿਲੀ ਸੀ। ਇਸ ਲਈ, ਉਹ ਯਹੋਵਾਹ ਦੀ ਦੇਖਰੇਖ ਅਤੇ ਸੁਰੱਖਿਆ, ਨਾਲੇ ਉਨ੍ਹਾਂ ਰੱਬੀ ਵਾਅਦਿਆਂ ਨਾਲ ਜੋ ਉਸ ਨੂੰ ਅਤੇ ਉਸ ਦੀ ਅੰਸ ਨੂੰ ਦਿੱਤੇ ਗਏ ਸਨ, ਇਸ ਥਾਂ ਨੂੰ ਨਵੇਂ ਭਰੋਸੇ ਨਾਲ ਛੱਡ ਕੇ ਗਿਆ ਹੋਵੇਗਾ। ਉਸ ਦੇ ਪਿੱਛੇ ਇਸ ਅਨੁਭਵ ਨਾਲ, ਯਾਕੂਬ ਅੱਗੇ ਵਧਣ ਦੇ ਲਈ ਤਿਆਰ ਸੀ ਅਤੇ ਉਸ ਨੇ ਦਿਲੇਰੀ ਅਤੇ ਹਲੀਮੀ ਵਿਖਾਈ ਜਦੋਂ ਉਸ ਨੇ ਏਸਾਓ ਦਾ ਸਾਹਮਣਾ ਕੀਤਾ ਅਤੇ ਆਪਣੇ ਭਰਾ ਨਾਲ ਆਪਣੇ ਰਿਸ਼ਤੇ ਨੂੰ ਸੁਧਾਰਣ ਦੇ ਲਈ ਸੱਚੇ ਮਨੋਂ ਜਤਨ ਕੀਤਾ।

## ਪ੍ਰਾਸੰਗਿਕਤਾ

### ਯਾਕੂਬ ਦਾ ਮਨ ਪਰਿਵਰਤਨ (ਅਧਿਆਇ 32)

ਉਤਪਤ ਅਧਿਆਇ 32 ਦਾ ਇੱਕ ਸਾਵਧਾਨੀ ਭਰਿਆ ਅਧਿਐਨ ਯਾਕੂਬ ਦੇ ਪਰਿਵਰਤਨ ਦੇ ਵਿਸ਼ੇ ਵਿਚ ਅੰਤਰਦ੍ਰਿਸ਼ਟੀ ਪ੍ਰਦਾਨ ਕਰਦਾ ਹੈ, ਜਦੋਂ ਉਹ ਪਰਮੇਸ਼ੁਰ ਦੇ ਇੱਕ ਜਨ ਦੇ ਰੂਪ ਵਿਚ ਵਿਕਸਤ ਹੋਇਆ ਸੀ। ਇਸ ਪ੍ਰਕਿਰਿਆ ਵਿਚ ਚਾਰ ਕਦਮ ਸਨ।

*ਕਦਮ 1. ਪਰਮੇਸ਼ੁਰ ਦੀ ਹਜ਼ੂਰੀ।* ਯਾਕੂਬ ਦੇ ਪਰਿਵਰਤਨ ਵਿਚ ਆਪਣੇ ਸਵਰਗਦੂਤਾਂ ਦੇ ਰੂਪ ਵਿਚ ਪਰਮੇਸ਼ੁਰ ਦੀ ਮੌਜੂਦਗੀ ਸ਼ਾਮਲ ਸੀ (32:1, 2)। ਵੀਹ ਸਾਲ ਪਹਿਲਾਂ, ਯਾਕੂਬ ਏਸਾਓ ਦੇ ਕ੍ਰੋਧ ਤੋਂ ਭੱਜਿਆ ਸੀ ਤਾਂਕਿ ਆਪਣੇ ਮਾਮੇ ਲਾਬਾਨ ਦੇ ਕੋਲ ਪਨਾਹ ਲੈ ਸਕੇ। ਇਸ ਵਾਰ ਉਹ ਲਾਬਾਨ ਦੇ ਗੁੱਸੇ ਤੋਂ ਆਪਣੀਆਂ ਪਤਨੀਆਂ, ਬੱਚਿਆਂ, ਦਾਸਾਂ, ਅਤੇ ਵਿਸ਼ਾਲ ਝੁੰਡਾਂ ਅਤੇ ਜਾਨਵਰਾਂ ਦੇ ਵੱਗਾਂ ਦੇ ਨਾਲ ਭੱਜ ਰਿਹਾ ਸੀ। ਉਹ ਜਾਣਦਾ ਸੀ ਕਿ ਕਨਾਨ ਨੂੰ ਪਰਤਣ ਦਾ ਅਰਥ ਆਪਣੇ ਭਰਾ ਦਾ ਸਾਹਮਣਾ ਕਰਨਾ ਹੈ, ਜਿਸ ਨੇ ਉਸ ਨੂੰ ਮਾਰ ਦੇਣ ਦੀ ਧਮਕੀ ਦਿੱਤੀ ਹੋਈ ਸੀ। ਯਾਕੂਬ ਵਿਸ਼ਵਾਸ ਕਰਦਾ ਸੀ ਕਿ ਉਹ ਆਪਣੇ ਪਿਛਲੇ ਪਾਪਾਂ ਦਾ ਭੁਗਤਾਨ ਕਰਨ ਵਾਲਾ ਸੀ, ਅਤੇ ਏਸਾਓ ਦੇ ਕ੍ਰੋਧ ਤੋਂ ਡਰਦਾ ਸੀ। ਪਰ, ਪਰਮੇਸ਼ੁਰ ਪਿਤਾ ਪੁਰਖ ਦੇ ਪਰੇਸ਼ਾਨ ਦਿਲ ਨੂੰ ਜਾਣਦਾ ਸੀ। ਜਿਵੇਂ ਉਸ ਨੇ 28:12-15 ਵਿਚ ਬੈਤਏਲ ਵਿਚ ਕੀਤਾ ਸੀ, ਉਸੇ ਤਰ੍ਹਾਂ ਪ੍ਰਭੂ ਨੇ ਯਾਕੂਬ ਨੂੰ ਆਪਣੇ ਸਵਰਗਦੂਤਾਂ ਨੂੰ ਵੇਖਣ ਦੀ ਇਜਾਜ਼ਤ ਦਿੱਤੀ। ਇਸ ਮੁਲਾਕਾਤ ਨੇ

ਉਸ ਨੂੰ ਪਰਮੇਸ਼ੁਰ ਦੀ ਹਜ਼ੂਰੀ ਵਿਚ ਵੱਡਾ ਭਰੋਸਾ ਦਿਵਾਇਆ ਹੋਵੇਗਾ। ਇੱਕ ਅਰਥ ਵਿਚ, ਪਰਮੇਸ਼ੁਰ ਦੇ ਸਵਰਗਦੂਤਾਂ ਦੇ ਦਰਸ਼ਣ ਨੇ ਯਾਕੂਬ ਦੇ ਮਨ ਪਰਿਵਰਤਨ ਦੀ ਸ਼ੁਰੂਆਤ ਦੇ ਬਿੰਦੂ ਬਾਰੇ ਗੱਲ ਕੀਤੀ, ਹਾਲਾਂਕਿ ਉਸ ਨੇ "ਜੇ ... ਤਾਂ" ਦੇ ਦੁਆਰਾ ਪਰਮੇਸ਼ੁਰ ਦੇ ਨਾਲ ਇੱਕ ਸੌਦਾ ਕਰਨ ਦੀ ਕੋਸ਼ਿਸ਼ ਕੀਤੀ (28:20-22)।

ਇਸ ਵਾਰ, ਉਸ ਨੇ ਸਵਰਗਦੂਤਾਂ ਨੂੰ ਅਜਿਹੀ ਪੌੜੀ ਉੱਤੇ ਚੜ੍ਹਦਿਆਂ ਅਤੇ ਉਤਰਦਿਆਂ ਨਹੀਂ ਵੇਖਿਆ ਜਿਸ ਦੀ ਟੀਸੀ ਸਵਰਗ ਤੱਕ ਪਹੁੰਚਦੀ ਹੋਵੇ। ਇਸ ਦੀ ਬਜਾਇ, ਉਸ ਨੇ ਸਵਰਗਦੂਤਾਂ ਦਾ ਇੱਕ "ਲਸ਼ਕਰ" ਵੇਖਿਆ। ਸ਼ਬਦ "ਲਸ਼ਕਰ" ਫੌਜ ਦੇ ਲਸ਼ਕਰ ਨੂੰ ਦਰਸਾਉਂਦਾ ਹੈ (ਕੂਚ 14:24; ਨਿਆਈਆਂ 7:9-11)। ਅਸਲ ਵਿਚ, ਵਾਕ "ਪਰਮੇਸ਼ੁਰ ਦਾ ਲਸ਼ਕਰ" (מַחֲנֵה אֱלֹהִים, *ਮਚਨੇਹ ਏਲੋਹੀਮ)* ਜਾਂ "ਪਰਮੇਸ਼ੁਰ ਦੀ ਸੈਨਾ" (NIV), ਸੈਨਾ ਦੇ ਇੱਕ ਹੋਰ ਪ੍ਰਸੰਗ ਵਿਚ, ਇੱਥੇ ਅਤੇ ਪੁਰਾਣੇ ਨੇਮ ਪਾਇਆ ਵਿਚ ਸਿਰਫ ਇੱਕ ਵਾਰ ਹੋਰ ਪਾਇਆ ਜਾਂਦਾ ਹੈ। 1 ਇਤਹਾਸ 12:22 ਵਿਚ, ਇਸ ਦਾ ਅਨੁਵਾਦ "ਪਰਮੇਸ਼ੁਰ ਦੀ ਸੈਨਾ" ਕੀਤਾ ਗਿਆ ਹੈ। ਇਹ ਹਵਾਲਾ ਦਾਊਦ ਦੀ ਸੈਨਾ ਦੇ ਲਈ ਹੈ, ਜਦਕਿ ਉਤਪਤ 32:2 ਸਵਰਗਦੂਤਾਂ ਦੀ ਸਵਰਗੀ ਸੈਨਾ ਦਾ ਉਲੇਖ ਕਰਦਾ ਹੈ।

ਪਰਮੇਸ਼ੁਰ ਦੀ ਹਜ਼ੂਰੀ ਲਈ ਸਵਰਗਦੂਤਾਂ ਦਾ ਪਰਗਟਾਵਾ ਪਿਤਾ ਪੁਰਖਾਂ ਅਤੇ ਬਾਈਬਲ ਦੇ ਸਮੇਂ ਦੇ ਹੋਰਨਾਂ ਮਨੁੱਖਾਂ ਦੇ ਵਿਸ਼ਵਾਸ ਨੂੰ ਤਕੜਾ ਕਰਨ ਦੇ ਲਈ ਮਹੱਤਵਪੂਰਣ ਸੀ। ਪਹਿਲੀ ਸਦੀ ਵਿਚ, ਇਬਰਾਨੀਆਂ ਦੇ ਲੇਖਕ ਨੇ ਕਿਹਾ ਕਿ ਸਵਰਗਦੂਤ "ਸੇਵਾ ਕਰਨ ਵਾਲੇ ਆਤਮੇ" ਸਨ, ਜੋ ਪਰਮੇਸ਼ੁਰ ਦੇ ਲੋਕਾਂ ਦੀ "ਸੇਵਾ" ਕਰਦੇ ਸਨ (ਇਬਰਾਨੀਆਂ 1:14; 13:2), ਜਿਵੇਂ ਉਨ੍ਹਾਂ ਨੇ ਅਬਰਾਹਾਮ ਅਤੇ ਲੂਤ ਦੀ ਸੇਵਾ ਕੀਤੀ ਸੀ (18:1-3; 19:1, 2)। ਅੱਜ, ਸਾਨੂੰ ਯਿਸੂ ਮਸੀਹ ਦੇ ਰੂਪ ਵਿਚ ਪਰਮੇਸ਼ੁਰ ਦੀ ਹੋਂਦ ਦੇ ਆਖਰੀ ਪਰਗਟਾਵੇ ਤੇ ਨਿਰਭਰ ਕਰਨਾ ਚਾਹੀਦਾ ਹੈ।

ਅੰਤਿਮ ਭੋਜ ਦੀ ਰਾਤ ਦੇ ਵੇਲੇ, ਜਦੋਂ ਯਿਸੂ ਦੇ ਜਾਣ ਦੀ ਘੜੀ ਨੇੜੇ ਆ ਗਈ (ਯੂਹੰਨਾ 14:1-3), ਚੇਲੇ ਗੜਬੜੀ ਵਿਚ ਸਨ ਅਤੇ ਉਨ੍ਹਾਂ ਨੂੰ ਕਾਇਮ ਰੱਖਣ ਦੇ ਲਈ ਪਰਮੇਸ਼ੁਰ ਦੀ ਮੌਜੂਦਗੀ ਨੂੰ ਯਕੀਨੀ ਬਣਾਉਣ ਦੀ ਲੋੜ ਸੀ। ਫ਼ਿਲਿੱਪੁਸ ਨੇ ਆਪਣੀ ਦਿਲੀ ਇੱਛਾ ਨੂੰ ਪਰਗਟ ਕੀਤਾ: "ਪ੍ਰਭੁ ਜੀ ਪਿਤਾ ਦਾ ਸਾਨੂੰ ਦਰਸ਼ਣ ਕਰਾ ਤਾਂ ਸਾਨੂੰ ਤ੍ਰਿਪਤ ਆਉ।" ਯਿਸੂ ਨੇ ਇਸ ਬੇਨਤੀ ਦਾ ਉੱਤਰ ਦਿੱਤਾ, "ਫ਼ਿਲਿੱਪੁਸ ਐੱਨੇ ਚਿਰ ਤੋਂ ਮੈਂ ਤੁਹਾਡੇ ਨਾਲ ਹਾਂ ਅਰ ਕੀ ਤੈਂ ਮੈਨੂੰ ਨਹੀਂ ਜਾਣਿਆ? *ਜਿਸ ਮੈਨੂੰ ਵੇਖਿਆ ਓਨ ਪਿਤਾ ਨੂੰ ਵੇਖਿਆ ਹੈ"* (ਯੂਹੰਨਾ 14:8, 9; ਜ਼ੋਰ ਦਿੱਤਾ ਗਿਆ ਹੈ)। ਯਿਸੂ ਨੇ ਪਰਮੇਸ਼ੁਰ ਦੇ ਉੱਤੇ ਇੱਕ ਮਨੁੱਖੀ ਚੇਹਰਾ ਚੜ੍ਹਾਇਆ ਤਾਂ ਕਿ ਸਾਰੇ ਲੋਕ ਜਾਣ ਸਕਣ ਕਿ ਉਹ ਇੰਮਾਨੂਏਲ ਹੈ, "ਪਰਮੇਸ਼ੁਰ ਅਸਾਡੇ ਸੰਗ" ਹੈ (ਮੱਤੀ 1:23)। ਆਪਣੇ ਜੀ ਉੱਠਣ ਤੋਂ ਬਾਅਦ ਅਤੇ ਸਵਰਗ ਵਿਚ ਉਠਾਏ ਜਾਣ ਤੋਂ ਪਹਿਲਾਂ, ਯਿਸੂ ਨੇ ਆਪਣੇ ਚੇਲਿਆਂ ਨੂੰ ਮਹਾਨ ਆਗਿਆ ਦਿੱਤੀ। ਇਸ ਵਿਚ ਪ੍ਰਚਾਰ ਕਰਨ ਅਤੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਉਣ ਦਾ ਹੁਕਮ ਸ਼ਾਮਲ ਸੀ, ਅਤੇ ਇਹ ਹੇਠ ਲਿਖੇ ਵਾਇਦੇ ਦੇ ਨਾਲ ਪੂਰਾ ਹੋਇਆ: "ਵੇਖੋ ਮੈਂ ਜੁਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ" (ਮੱਤੀ 28:19, 20)। ਇਸ ਲਈ, ਸਧਾਰਣ ਤੌਰ ਤੇ ਇਹ ਸਿਰਫ ਸਵਰਗਦੂਤਾਂ ਦੀ ਸੇਵਕਾਈ ਨਹੀਂ ਹੈ ਜੋ ਸਾਨੂੰ ਮੁਸ਼ਕਲਾਂ ਦੇ ਦਰਮਿਆਨ ਕਾਇਮ ਰੱਖਦੀ ਹੈ; ਬਲਕਿ, "ਮਸੀਹ [ਸਾਡੇ] ਵਿਚ, ਮਹਿਮਾ ਦੀ ਆਸ ਹੈ" (ਕੁਲੁੱਸੀਆਂ 1:27)। ਅਸੀਂ ਜਾਣਦੇ ਹਾਂ ਕਿ ਉਹ ਸਾਡੇ ਅੰਦਰ ਵੱਸਦਾ ਹੈ "ਉਸ ਆਤਮਾ ਦੇ ਦੁਆਰਾ ਜੋ ਉਸ ਨੇ ਸਾਨੂੰ ਦਿੱਤਾ ਹੈ" (1 ਯੂਹੰਨਾ 3:24; ਵੇਖੋ 4:13)।

*ਕਦਮ 2. ਯਾਕੂਬ ਦੀ ਨਾਕਾਮ ਕੋਸ਼ਿਸ਼।* ਯਾਕੂਬ ਦੇ ਮਨ ਪਰਿਵਰਤਨ ਵਿਚ ਏਸਾਓ ਦੇ ਨਾਲ ਸਹੀ ਹੋਣ ਦੀ ਅਧੂਰੇ ਦਿਲ ਦੀ ਕੋਸ਼ਿਸ਼ ਸ਼ਾਮਲ ਸੀ, ਜਿਸ ਦੇ ਵਿਰੋਧ ਵਿਚ ਉਸ ਨੇ ਪਾਪ ਕੀਤਾ ਸੀ (32:3-8)। ਉਹ ਝੂਠ ਅਤੇ ਧੋਖਾਧੜੀ ਜੋ ਯਾਕੂਬ ਨੇ ਆਪਣੇ ਪਿਤਾ ਅਤੇ ਭਰਾ ਦੇ ਨਾਲ ਬਹੁਤ ਦੇਰ ਪਹਿਲਾਂ ਕੀਤੀ ਸੀ ਉਹ ਪਰਮੇਸ਼ੁਰ ਦੇ ਦੁਆਰਾ ਮਾਫ਼ ਕੀਤੀ ਜਾ ਸਕਦੀ ਸੀ, ਪਰ ਨਾ ਸਮਾਂ ਨਾ ਸਥਾਨ ਉਨ੍ਹਾਂ ਕੰਮਾਂ ਦੇ ਨਤੀਜਿਆਂ ਨੂੰ ਦੂਰ ਨਹੀਂ ਕਰ ਸਕਦੇ ਸਨ। ਜਿਵੇਂ ਹੀ ਉਹ ਦੱਖਣ ਵਿਚ ਕਨਾਨ ਗਏ, ਪੁਰਖੇ ਨੂੰ ਪਤਾ ਸੀ ਕਿ ਆਖਿਰਕਾਰ ਉਸ ਨੂੰ ਏਸਾਓ ਦਾ ਸਾਹਮਣਾ ਕਰਨਾ ਪਵੇਗਾ। ਯਾਕੂਬ ਨੂੰ ਪਤਾ ਸੀ ਕਿ ਉਸ ਦੇ ਕੰਮਾਂ ਨੇ ਏਸਾਓ ਦੀ ਆਤਮਾ ਨੂੰ ਬਹੁਤ ਡੂੰਘੀ ਸੱਟ ਮਾਰੀ ਸੀ, ਹੋ ਸਕਦਾ ਹੈ ਉਸ ਦੇ ਜ਼ਖ਼ਮ ਅਜੇ ਵੀ ਅੱਲੇ ਹੋਣ। ਭਾਵੇਂ ਘਰੋਂ ਗਏ ਹੋਏ ਕਿੰਨਾ ਸਮਾਂ ਬੀਤ ਗਿਆ ਸੀ, ਪੁਰਖੇ ਨੂੰ ਡਰ ਸੀ ਕਿ ਸ਼ਾਇਦ ਏਸਾਓ ਉਸ ਮੌਕੇ ਦੀ ਭਾਲ ਕਰ ਰਿਹਾ ਸੀ ਕਿ ਉਹ ਉਸ ਤੋਂ ਅਤੇ ਉਸ ਦੇ ਪਰਿਵਾਰ ਤੋਂ ਬਦਲਾ ਲਵੇ।

ਇਸ ਤਰ੍ਹਾਂ ਦੀ ਮੁਸੀਬਤ ਨੂੰ ਰੋਕਣ ਦੇ ਲਈ, ਪੁਰਖੇ ਨੇ ਕੁਝ ਨੌਕਰਾਂ ਨੂੰ ਇੱਕ ਸੰਦੇਸ਼ ਦੇ ਕੇ ਏਸਾਓ ਦੇ ਕੋਲ ਭੇਜਿਆ। ਉਨ੍ਹਾਂ ਨੇ ਉਸ ਨੂੰ "ਪ੍ਰਭੂ" ਕਹਿ ਕੇ ਸੰਬੋਧਤ ਕੀਤਾ ਸੀ ਅਤੇ ਯਾਕੂਬ ਦੀ ਪਛਾਣ ਏਸਾਓ ਦੇ "ਦਾਸ" ਦੇ ਰੂਪ ਵਿਚ ਦਿੱਤੀ ਸੀ। ਇਹ ਉਸ ਬਰਕਤ ਦਾ ਉਲਟ ਸੀ ਜੋ ਇਸਹਾਕ ਨੇ ਯਾਕੂਬ ਨੂੰ ਦਿੱਤੀ ਸੀ, ਜੋ ਉਸ ਨੂੰ ਏਸਾਓ ਦਾ ਪ੍ਰਭੂ ਬਣਾਉਂਦੀ ਹੈ (27:29)। ਵੀਹਾਂ ਸਾਲਾਂ ਬਾਅਦ, ਸ਼ਾਇਦ ਯਾਕੂਬ ਨੇ ਮੰਨ ਲਿਆ ਸੀ ਕਿ ਉਸ ਦਾ ਪਿਤਾ ਮਰ ਗਿਆ ਸੀ।[20] ਜੇਕਰ ਇਹ ਸੱਚ ਸੀ, ਏਸਾਓ ਨੂੰ ਪਹਿਲਾਂ ਤੋਂ ਹੀ ਸਾਰੀ ਹੀ ਵਿਰਾਸਤ ਮਿਲ ਚੁੱਕੀ ਸੀ ਕਿਉਂਕਿ ਯਾਕੂਬ ਦੀ ਸਥਿਤੀ ਅਤੇ ਸਥਾਨ ਦਾ ਪਤਾ ਨਹੀਂ ਸੀ। ਪਿਤਾ ਪੁਰਖ ਨੇ ਆਪਣੇ ਨੌਕਰਾਂ ਨੂੰ ਹਿਦਾਇਤ ਦਿੱਤੀ ਸੀ ਕਿ ਉਹ ਏਸਾਓ ਦੇ ਸਾਹਮਣੇ ਉਸ ਦੀਆਂ ਬੇਸ਼ੁਮਾਰ ਭੇਡਾਂ-ਬੱਕਰੀਆਂ ਅਤੇ ਵੱਗਾਂ ਅਤੇ ਗੋੱਲੇ ਗੋੱਲੀਆਂ ਦਾ ਜ਼ਿਕਰ ਕਰਨ ਅਤੇ ਉਸ ਨੂੰ ਯਕੀਨ ਦਿਵਾਉਣ ਕਿ ਉਹ ਉਸ ਦੇ ਕੋਲੋਂ ਕੁਝ ਵੀ ਲੈਣ ਦੀ ਕੋਸ਼ਿਸ਼ ਨਹੀਂ ਕਰ ਰਿਹਾ ਸੀ। ਯਾਕੂਬ ਚਾਹੁੰਦਾ ਸੀ ਕਿ ਉਸ ਦਾ ਭਰਾ ਸਮਝ ਜਾਵੇ ਕਿ ਉਸ ਨੇ ਆਪਣੀ ਧੋਖੇਬਾਜ਼ੀ ਤੇ ਛਲ ਨੂੰ ਛੱਡ ਦਿੱਤਾ ਸੀ ਅਤੇ ਉਹ ਏਸਾਓ ਦੀ ਕਿਸੇ ਵੀ ਧਨ-ਦੌਲਤ ਦਾ ਦਾਅਵਾ ਕਰਨ ਦੀ ਕੋਸ਼ਿਸ਼ ਨਹੀਂ ਕਰੇਗਾ। ਇਸ ਤਰੀਕੇ ਨਾਲ, ਯਾਕੂਬ ਨੇ ਆਪਣੇ ਆਪ ਨੂੰ ਆਪਣੇ ਭਰਾ ਦੇ ਸਾਹਮਣੇ ਨਿਮਰ ਕਰਨ ਕੀਤਾ ਅਤੇ ਉਸ ਦੀ "ਦਯਾ" (חֵן, *ਚੇਨ,* "ਕਿਰਪਾ") ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ।

ਜਦੋਂ ਸੰਦੇਸ਼ਵਾਹਕ ਆਪਣੇ ਮਾਲਕ ਦੇ ਕੋਲ ਪਰਤ ਆਏ, ਤਾਂ ਉਨ੍ਹਾਂ ਨੇ ਉਸ ਦੇ ਸਭ ਤੋਂ ਡਰਾਉਣੇ ਡਰ ਦੀ ਪੁਸ਼ਟੀ ਕੀਤੀ: ਏਸਾਓ ਚਾਰ ਸੌ ਮਨੁੱਖਾਂ ਦੀ ਇੱਕ ਨਿਜੀ ਸੈਨਾ ਦੇ ਨਾਲ ਆ ਰਿਹਾ ਸੀ (32:6) ਜਿਸ ਦੇ ਕੋਲ ਯਾਕੂਬ ਅਤੇ ਉਸ ਦੇ ਸਾਥੀਆਂ ਨੂੰ ਨਾਸ ਕਰਨ ਦੇ ਯੋਗ ਸੀ। ਇਨ੍ਹਾਂ ਦੋਵਾਂ ਭਰਾਵਾਂ ਦੇ ਵਿਚਕਾਰ ਕੋਈ ਭਰੋਸਾ ਨਹੀਂ ਰਿਹਾ। ਏਸਾਓ ਨੂੰ ਅਕਸਰ ਧੋਖਾ ਦਿੱਤਾ ਗਿਆ ਸੀ ਇਸ ਲਈ ਵਿਸ਼ਵਾਸ ਨਹੀਂ ਸੀ ਹੁੰਦਾ ਕਿ ਉਸ ਦਾ ਛੋਟਾ ਭਰਾ ਸੱਚਮੁੱਚ ਬਦਲ ਗਿਆ ਸੀ। ਯਾਕੂਬ ਨੇ ਮਾਫ਼ੀ ਨਹੀਂ ਮੰਗੀ, ਆਪਣੀ ਧੋਖੇਬਾਜ਼ੀ ਦੇ ਲਈ ਪਛਤਾਵਾ ਨਹੀਂ ਕੀਤਾ, ਜਾਂ ਉਸ ਦੇ ਬਦਲੇ ਆਪਣੇ ਵੱਡੇ ਭਰਾ ਨੂੰ ਕੋਈ ਹਰਜ਼ਾਨਾ ਭਰਨ ਦੀ ਕੋਸ਼ਿਸ਼ ਨਹੀਂ ਕੀਤੀ ਸੀ। ਏਸਾਓ ਅਤੇ ਉਸ ਦੇ ਆਦਮੀ ਨਿਰੰਤਰ ਅੱਗੇ ਵੱਧਦੇ ਆ ਰਹੇ ਸਨ ਜੋ ਯਾਕੂਬ ਅਤੇ ਉਸ ਦੇ ਪਰਿਵਾਰ ਦੇ ਲਈ ਖਤਰਨਾਕ ਟਾਕਰਾ ਹੋ ਸਕਦਾ ਸੀ।

ਪੂਰੀ ਬਾਈਬਲ ਵਿਚ, ਪਰਮੇਸ਼ੁਰ ਦੇ ਲੋਕਾਂ ਦੇ ਲਈ ਸਿੱਖਣ ਵਾਲੇ ਸਭ ਤੋਂ ਮੁਸ਼ਕਲ ਸਬਕਾਂ ਵਿਚੋਂ ਇੱਕ ਇਹ ਹੈ ਕਿ ਪਰਮੇਸ਼ੁਰ ਆਪਣੇ ਸੁਆਰਥੀ ਲਾਭ ਦੇ ਲਈ ਦੂਜਿਆਂ ਦੇ ਨਾਲ ਝੂਠ

ਬੋਲਣ ਅਤੇ ਧੋਖਾ ਦੇਣ ਨੂੰ ਬਰਦਾਸ਼ਤ ਨਹੀਂ ਕਰਦਾ (ਲੇਵੀਆਂ 19:33-37)। ਇਹੋ ਜਿਹੇ ਸਾਰੇ ਕਾਰਜ ਇੱਕ ਲਾਲਚੀ ਦਿਲ ਤੋਂ ਨਿਕਲਦੇ ਹਨ ਅਤੇ ਚੋਰੀ ਦਾ ਇੱਕ ਰੂਪ ਹਨ (ਕੂਚ 20:15, 17; ਆਮੋਸ 2:6; 5:11, 12)। ਯਿਸੂ ਨੇ ਸਿਖਾਇਆ ਕਿ, ਪਰਮੇਸ਼ੁਰ ਦੀ ਬੰਦਗੀ ਕਰਨ ਤੋਂ ਪਹਿਲਾਂ, ਜੇਕਰ ਕਿਸੇ ਵਿਅਕਤੀ ਨੂੰ ਇਹ ਯਾਦ ਆਉਂਦਾ ਹੈ ਕਿ ਉਸ ਨੇ ਆਪਣੇ ਭਰਾ ਦੇ ਨਾਲ ਕੋਈ ਖੋਟ ਕਮਾਇਆ ਹੈ ਤਾਂ ਉਸ ਨੂੰ ਚਾਹੀਦਾ ਹੈ ਕਿ ਪਹਿਲਾਂ ਜਾ ਕੇ ਆਪਣੇ ਭਰਾ ਦੇ ਨਾਲ ਮੇਲ-ਮਿਲਾਪ ਕਰ ਲਵੇ, ਅਤੇ ਤਾਂ ਹੀ ਉਹ ਪ੍ਰਭੂ ਨੂੰ ਗ੍ਰਹਿਣਯੋਗ ਬੰਦਗੀ ਕਰ ਸਕਦਾ ਹੈ (ਮੱਤੀ 5:23, 24)। ਏਸਾਓ ਜਾਣਦਾ ਸੀ ਕਿ ਉਸ ਦੇ ਭਰਾ ਨੇ ਉਸ ਦੇ ਵਿਰਸੇ ਵਿਚੋਂ ਉਸ ਦਾ ਭਾਗ ਧੋਖੇ ਨਾਲ ਲੈ ਲਿਆ ਸੀ ਅਤੇ ਉਸ ਦੀ ਮੌਤ ਦੇ ਸਮੇਂ ਦੀ ਬਰਕਤ ਵੀ ਨੂੰ ਵੀ ਚੋਰੀ ਕਰ ਲਿਆ ਸੀ। ਕਿਉਂਕਿ ਯਾਕੂਬ ਨੇ ਉਸ ਨੂੰ ਸੱਚੇ ਪਛਚਾਤਾਪ ਦਾ ਕੋਈ ਸਬੂਤ ਨਹੀਂ ਦਿੱਤਾ ਸੀ, ਇਸ ਲਈ ਏਸਾਓ ਉਸ ਉੱਤੇ "ਦਯਾ" ਕਰਨਾ ਨਹੀਂ ਚਾਹੁੰਦਾ ਸੀ (32:5)। ਏਸਾਓ ਦੇ ਲਈ ਯਾਕੂਬ ਦਾ ਸੰਦੇਸ਼ ਕਾਫ਼ੀ ਦੂਰ ਨਹੀਂ ਗਿਆ ਸੀ; ਕਿ ਉਸ ਨੇ ਤੋਹਫ਼ਿਆਂ ਦੀ ਪੇਸ਼ਕਸ਼ ਕੀਤੀ, ਪਰ ਉਸ ਨੇ ਆਪਣੇ ਗਲਤ ਕੰਮਾਂ ਨੂੰ ਸਹੀ ਕਰਨ ਦੇ ਇਰਾਦੇ ਬਾਰੇ ਨਹੀਂ ਦੱਸਿਆ ਜੋ ਉਸ ਨੇ ਆਪਣੇ ਭਰਾ ਨਾਲ ਕੀਤੇ ਸਨ। ਇਹ ਯਾਕੂਬ ਦੇ ਮਨ ਪਰਿਵਰਤਨ ਦਾ ਇੱਕ ਜ਼ਰੂਰੀ ਹਿੱਸਾ ਕਿ ਉਹ ਪਰਮੇਸ਼ੁਰ ਦਾ ਬੰਦਾ ਬਣ ਗਿਆ ਸੀ। ਉਸ ਨੇ ਸਿੱਖਣਾ ਸੀ, ਜਿਵੇਂ ਅਸੀਂ ਸਾਰੇ ਸਿੱਖਦੇ ਹਾਂ, ਕਿ "ਛਲੀਆਂ ਦਾ ਰਾਹ ਬਿਖੜਾ ਹੁੰਦਾ ਹੈ" (ਕਹਾਉਤਾਂ 13:15; KJV)। ਇੱਕ ਵਿਅਕਤੀ ਜੋ ਪਰਮੇਸ਼ੁਰ ਦੇ ਨਾਲ ਸਹੀ ਹੋਣਾ ਚਾਹੁੰਦਾ ਹੈ ਉਸ ਨੂੰ ਚਾਹੀਦਾ ਹੈ ਕਿ ਉਹ ਆਪਣੇ ਸਾਥੀ ਦੇ ਨਾਲ ਵੀ ਸਹੀ ਹੋਵੇ।

*ਕਦਮ 3. ਫ਼ੈਸਲਾ ਅਤੇ ਪ੍ਰਾਰਥਨਾ।* ਯਾਕੂਬ ਦੇ ਪਰਿਵਰਤਨ ਵਿਚ ਪਰਮੇਸ਼ੁਰ ਦੇ ਸਾਹਮਣੇ ਬੇਤਾਬ ਪ੍ਰਾਰਥਨਾ ਅਤੇ ਏਸਾਓ ਦੇ ਨਾਲ ਸੰਬੰਧਾਂ ਨੂੰ ਸਹੀ ਕਰਨ ਦੇ ਦ੍ਰਿੜ ਸੰਕਲਪ ਸੀ, ਭਾਵੇਂ ਉਸ ਦੇ ਲਈ ਉਸ ਨੂੰ ਕੋਈ ਵੀ ਕੀਮਤ ਕਿਉਂ ਨਾ ਚੁਕਾਉਣੀ ਪਵੇ (32:9-21)। ਜਦੋਂ ਯਾਕੂਬ ਦਾ ਆਪਣੇ ਭਰਾ ਦੀ ਕਿਰਪਾ ਨੂੰ ਜਿੱਤਣ ਦੀ ਪਹਿਲੀ ਕੋਸ਼ਿਸ਼ ਨਾਕਾਮ ਰਹੀ, ਤਾਂ ਉਹ ਪਰਮੇਸ਼ੁਰ ਵੱਲ ਮੁੜਿਆ। ਉਤਪਤ ਦੀ ਲਿਖਤ ਦੇ ਅਨੁਸਾਰ, ਇਹ ਪਿਤਾ ਪੁਰਖ ਦੀ ਪ੍ਰਭੂ (ਯਹੋਵਾਹ) ਦੇ ਸਾਹਮਣੇ ਜੋ ਉਸ ਦੇ ਪਿਉ-ਦਾਦਿਆਂ ਅਬਰਾਹਾਮ ਅਤੇ ਇਸਹਾਕ ਦਾ ਪਰਮੇਸ਼ੁਰ ਸੀ, ਪਹਿਲੀ ਸੱਚੀ ਪ੍ਰਾਰਥਨਾ ਸੀ। ਉਸ ਨੇ ਪਰਮੇਸ਼ੁਰ ਨੂੰ ਯਾਦ ਦਿਵਾਇਆ ਕਿ ਉਸ ਨੇ ਉਸ ਨੂੰ ਕਨਾਨ ਨੂੰ ਅਤੇ ਆਪਣੇ ਰਿਸ਼ਤੇਦਾਰਾਂ ਦੇ ਕੋਲ ਵਾਪਸ ਮੁੜਣ ਦੇ ਲਈ ਕਿਹਾ ਸੀ ਅਤੇ ਉਸ ਦੀ ਖੁਸ਼ਹਾਲੀ ਦਾ ਵਾਇਦਾ ਕੀਤਾ ਸੀ (32:9)। ਪਰ ਖੁਸ਼ਹਾਲ ਹੋਣ ਦੀ ਬਜਾਇ, ਉਹ ਏਸਾਓ ਦੇ ਭੜਕੇ ਹੋਏ ਕ੍ਰੋਧ ਦੇ ਦੁਆਰਾ ਸਭ ਕੁਝ ਗੁਆ ਸਕਦਾ ਹੈ - ਆਪਣੀਆਂ ਪਤਨੀਆਂ, ਬੱਚੇ, ਦਾਸ-ਦਾਸੀਆਂ, ਧਨ-ਦੌਲਤ, ਅਤੇ ਇੱਥੋਂ ਤੱਕ ਕਿ ਆਪਣਾ ਖੁਦ ਦਾ ਜੀਵਨ ਵੀ। ਯਾਕੂਬ, ਯੁੱਗਾਂ ਤੋਂ ਬਹੁਤ ਸਾਰੇ ਵਿਸ਼ਵਾਸੀਆਂ ਦੇ ਵਾਂਗ, ਪਰਮੇਸ਼ੁਰ ਨੂੰ ਦਿਮਾਗ ਤੋਂ ਜਾਣਦਾ ਸੀ ਪਰ ਉਸ ਨੇ ਕਦੀ ਵੀ ਆਪਣਾ ਜੀਵਨ ਅਤੇ ਦਿਲ ਉਸ ਨੂੰ ਸਮਰਪਿਤ ਨਹੀਂ ਕੀਤੇ ਸਨ। ਉਸ ਨੂੰ ਇਸ ਖਤਰਨਾਕ ਸਥਿਤੀ ਚੋਂ ਬਚ ਸਕਣ ਦਾ ਕੋਈ ਵੀ ਰਾਹ ਨਹੀਂ ਦਿਸ ਰਿਹਾ ਸੀ। ਯਾਕੂਬ ਆਪਣੇ ਖੁਦ ਦੇ ਪਾਪਾਂ ਦੇ ਪ੍ਰਤਿ "ਚੁੱਪਚਾਪ" ਸੀ ਅਤੇ ਮੁਕਤੀ ਦੇ ਲਈ ਇੱਕਮਾਤਰ ਸੰਭਵ ਰਾਹ ਵਜੋਂ ਉਹ ਪ੍ਰਭੂ ਵਿਚ ਵਿਸ਼ਵਾਸ (ਭਰੋਸੇ) ਦੇ ਪ੍ਰਤਿ ਵੀ "ਚੁੱਪ" ਸੀ (ਵੇਖੋ ਗਲਾਤੀਆਂ 3:22, 23)।

ਹੋਰ ਕੋਈ ਵੀ ਵਿਕਲਪ ਨਾ ਹੋਣ ਦੇ ਕਾਰਣ, ਯਾਕੂਬ ਨੇ ਆਪਣੇ ਆਪ ਨੂੰ ਪਰਮੇਸ਼ੁਰ ਦੀ ਦਯਾ ਦੇ ਉੱਤੇ ਛੱਡ ਦਿੱਤਾ ਸੀ। ਉਸ ਨੇ ਕਿਹਾ, "ਮੈਂ ਤਾਂ ਉਨ੍ਹਾਂ ਸਾਰੀਆਂ ਦਿਆਲਗੀਆਂ [ਾਰ੍ਹ,

*ਚੈਸੇਡ,* 'ਦ੍ਰਿੜ ਪ੍ਰੇਮ'] ਅਰ ਉਸ ਸਾਰੀ ਸਚਿਆਈ ਤੋਂ ਜਿਹੜੀ ਤੈਂ ਆਪਣੇ ਦਾਸ ਦੇ ਸੰਗ ਕੀਤੀ ਬਹੁਤ ਹੀ ਛੋਟਾ ਹਾਂ ...। ਤੂੰ ਮੈਨੂੰ ਮੇਰੇ ਭਰਾ ਦੇ ਹੱਥੋਂ ਅਰਥਾਤ ਏਸਾਓ ਦੇ ਹੱਥੋਂ ਛੁਡਾ ਲਵੀਂ ਕਿਉਂਜੋ ਮੈਂ ਉਸ ਤੋਂ ਡਰਦਾ ਹਾਂ ..." (32:10, 11)। ਯਾਕੂਬ ਨੇ ਯਾਦ ਕੀਤਾ ਕਿ, ਵੀਹ ਸਾਲ ਪਹਿਲਾਂ ਏਸਾਓ ਦੇ ਕ੍ਰੋਧ ਤੋਂ ਭੱਜਣ ਵਿਚ, ਉਸ ਨੇ ਝੂਠ ਅਤੇ ਧੋਖੇ ਦੇ ਨਾਲ ਏਸਾਓ ਦੀਆਂ ਬਰਕਤਾਂ ਲੈਣ ਤੋਂ ਬਾਅਦ, ਉਸ ਨੇ ਆਪਣੇ ਨਾਲ ਆਪਣੇ ਹੱਥ ਵਿਚ ਲਾਠੀ ਤੋਂ ਇਲਾਵਾ ਕੁਝ ਵੀ ਨਹੀਂ ਲਿਆ ਸੀ। ਹੁਣ ਉਹ ਜਾਨਵਰਾਂ ਦੀ ਇੱਕ ਵੱਡੇ ਝੁੰਡ ਤੋਂ ਇਲਾਵਾ ਪਤਨੀਆਂ, ਬੱਚਿਆਂ, ਅਤੇ ਦਾਸਾਂ ਦੇ ਇੱਕ ਵਿਸ਼ਾਲ ਦਲ ਦੇ ਨਾਲ ਆ ਰਿਹਾ ਸੀ (32:5)। ਉਸ ਨੇ ਏਸਾਓ ਅਤੇ ਉਸ ਦੀ ਸੈਨਾ ਤੋਂ ਛੁਟਕਾਰੇ ਦੇ ਲਈ ਪਰਮੇਸ਼ੁਰ ਦੇ ਸਾਹਮਣੇ ਪ੍ਰਾਰਥਨਾ ਕੀਤੀ। ਦੁਬਾਰਾ, ਉਸ ਨੇ ਪਰਮੇਸ਼ੁਰ ਨੂੰ ਇਹ ਸਾਰੀਆਂ ਗੱਲਾਂ ਯਾਦ ਦਿਵਾਈਆਂ, ਜਿਵੇਂ ਪਰਮੇਸ਼ੁਰ ਉਸ ਨੂੰ ਅਣਗਿਣਤ ਸੰਤਾਨਾਂ ਅਤੇ ਖੁਸ਼ਹਾਲੀ ਦੀ ਬਰਕਤ ਦੇਣ ਦੇ ਆਪਣੇ ਵਾਇਦੇ ਨੂੰ ਭੁੱਲ ਗਿਆ ਹੋਵੇ (32:12)।

ਸ਼ਬਦਾਂ ਅਤੇ ਯੋਜਨਾਵਾਂ ਤੋਂ ਕੁਝ ਲਾਭ ਨਹੀਂ ਹੋਵੇਗਾ; ਯਾਕੂਬ ਨੂੰ ਆਪਣੀ ਜਾਇਦਾਦ (ਮਾਲ-ਧਨ) ਵਿਚੋਂ ਕੁਝ ਭਾਗ ਲੈ ਕੇ ਏਸਾਓ ਦੇ ਐਨੇ ਸਾਲਾਂ ਦੇ ਕ੍ਰੋਧ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰਨੀ ਹੋਵੇਗੀ। ਇਸ ਲਈ, ਯਾਕੂਬ ਨੇ 550 ਕੀਮਤੀ ਜਾਨਵਰਾਂ ਨੂੰ ਚੁਣਿਆ ਅਤੇ ਏਸਾਓ ਨੂੰ ਦੇਣ ਵਾਲੇ ਤੋਹਫ਼ੇ ਦੇ ਰੂਪ ਵਿਚ ਉਨ੍ਹਾਂ ਨੂੰ ਵੱਖੋ ਵੱਖ ਵੱਗਾਂ ਵਿਚ ਵੰਡ ਦਿੱਤਾ। ਉਸ ਨੇ ਆਪਣੇ ਭਰਾ ਨੂੰ ਆਪਣੀ ਉਦਾਰਤਾ ਦੇ ਨਾਲ ਪ੍ਰਭਾਵਿਤ ਕਰਨ ਦੇ ਲਈ ਉਨ੍ਹਾਂ ਨੂੰ ਥੋੜੀ ਥੋੜੀ ਵਿੱਥ ਤੇ ਅਗਾਹਾਂ ਭੇਜ ਦਿੱਤਾ। ਹਰੇਕ ਪਾਲੀ ਨੇ ਏਸਾਓ ਨੂੰ ਇਕੋ ਗੱਲ ਕਹਿਣੀ ਸੀ: "ਏਹ ਤੁਹਾਡੇ ਦਾਸ ਯਾਕੂਬ ਦੇ ਹਨ। ਇਹ ਇੱਕ ਨਜ਼ਰਾਨਾ ਹੈ ਜਿਹੜਾ ਮੇਰੇ ਸਵਾਮੀ ਨੇ ਏਸਾਓ ਲਈ ਘੱਲਿਆ ਹੈ ਅਤੇ ਵੇਖੋ ਉਹ ਵੀ ਸਾਡੇ ਪਿੱਛੇ ਹੈ" (32:18)।

ਕੁਝ ਟਿੱਪਣੀਕਾਰ ਆਲੋਚਨਾ ਕਰਦੇ ਹਨ ਕਿ ਯਾਕੂਬ ਨੇ ਏਸਾਓ ਨੂੰ ਰਿਸ਼ਵਤ ਦੇਣ ਦੀ ਕੋਸ਼ਿਸ਼ ਕੀਤੀ। ਭਾਵੇਂ ਪੁਰਖੇ ਨੇ ਪਰਮੇਸ਼ੁਰ ਦੇ ਸਾਹਮਣੇ ਛੁਟਕਾਰੇ ਦੀ ਪ੍ਰਾਰਥਨਾ ਕੀਤੀ ਸੀ, ਫਿਰ ਵੀ ਉਹ ਉਨ੍ਹਾਂ ਨੂੰ ਏਸਾਓ ਦੇ ਕ੍ਰੋਧ ਤੋਂ ਬਚਣ ਲਈ ਯੋਜਨਾਬੱਧ ਮੰਨਦੇ ਸਨ। ਇਹ ਯਾਕੂਬ ਦੇ ਉੱਤੇ ਬਹੁਤ ਹੀ ਕਠੋਰ ਨਿਆਂ ਹੋ ਸਕਦਾ ਹੈ, ਕਿਉਂਕਿ ਉਹ ਉਹੀ ਕਰ ਰਿਹਾ ਸੀ ਜਿਸ ਦੀ ਪਰਮੇਸ਼ੁਰ ਨੇ ਉਸ ਤੋਂ ਉਮੀਦ ਰੱਖੀ ਸੀ: ਸੱਚੇ ਪਛਚਾਤਾਪ ਦਾ ਪ੍ਰਦਰਸ਼ਣ। ਉਹ ਏਸਾਓ ਦੇ ਸਾਹਮਣੇ ਆਪਣੇ ਆਪ ਨੂੰ ਨਿਮਰ ਕਰ ਰਿਹਾ ਸੀ ਅਤੇ ਜੇਠੇ ਹੋਣ ਦੇ ਅਧਿਕਾਰ ਦੀ ਭਰਪਾਈ ਕਰਨ ਦੇ ਲਈ ਜਿਸ ਨੂੰ ਉਸ ਨੇ ਧੋਖੇ ਦੇ ਨਾਲ ਦਾਲ ਦੇ ਇੱਕ ਕਟੋਰੇ ਦੇ ਬਦਲੇ ਲੈ ਲਿਆ ਸੀ, ਭੇਡਾਂ-ਬੱਕਰੀਆਂ ਅਤੇ ਵੱਗਾਂ ਦੇ ਉਦਾਰ ਤੋਹਫ਼ੇ ਭੇਜ ਰਿਹਾ ਸੀ। ਆਪਣੇ ਵਿਸ਼ਵਾਸ ਨੂੰ ਨਕਾਰਨ ਦੀ ਬਜਾਇ, ਯਾਕੂਬ ਦੇ ਕੰਮਾਂ ਨੇ ਇਸ ਦਾ ਸੱਚਾ ਪ੍ਰਦਰਸ਼ਣ ਕੀਤਾ (ਵੇਖੋ ਯਾਕੂਬ 2:20)। ਪਰ, ਉਸ ਨੂੰ ਅਜੇ ਵੀ ਪਰਮੇਸ਼ੁਰ ਦੇ ਕੋਲੋਂ ਹੋਰ ਪੁਸ਼ਟੀ ਦੀ ਲੋੜ ਹੈ ਤਾਂਕਿ ਏਸਾਓ ਨੂੰ ਸ਼ਾਂਤ ਕੀਤਾ ਜਾ ਸਕੇ।

*ਕਦਮ 4. ਸੰਘਰਸ਼ ਅਤੇ ਸੰਕਲਪ।* ਯਾਕੂਬ ਦੇ ਮਨ ਪਰਿਵਰਤਨ ਵਿਚ ਉਸ ਦਾ ਪ੍ਰਭੂ ਦੇ ਸਵਰਗਦੂਤ ਦੇ ਨਾਲ ਸਰੀਰਕ ਅਤੇ ਆਤਮਿਕ ਘੋਲ ਸ਼ਾਮਲ ਸੀ (32:22-32)। ਯਾਕੂਬ ਨੇ ਆਪਣੀਆਂ ਪਤਨੀਆਂ ਨੂੰ ਆਪਣੇ ਬੱਚਿਆਂ ਸਮੇਤ ਲਿਆ, ਅਤੇ ਯੱਬੋਕ ਦੇ ਪੱਤਣ ਨੂੰ ਪਾਰ ਕੀਤਾ। ਫਿਰ ਉਸ ਨੇ ਆਪਣੇ ਸਾਰੇ ਦਾਸਾਂ ਨੂੰ ਜਾਨਵਰਾਂ ਦੇ ਨਾਲ ਨਦੀ ਦੇ ਪਾਰ ਭੇਜਿਆ, ਅਤੇ ਉਹ ਇਕੱਲਾ ਹਨੇਰੇ ਵਿਚ ਰਿਹਾ। ਅਸਲ ਵਿਚ ਉਹ ਇਕੱਲਾ ਨਹੀਂ ਸੀ ਕਿਉਂਕਿ ਪ੍ਰਭੂ ਦਾ ਇੱਕ ਦੂਤ ਮਨੁੱਖੀ ਰੂਪ ਵਿਚ ਉਸ ਤੇ ਪਰਗਟ ਹੋਇਆ ਅਤੇ ਉਸ ਨੇ ਉਸ ਦੇ ਨਾਲ ਘੋਲ ਕਰਨਾ ਸ਼ੁਰੂ ਕਰ ਦਿੱਤਾ। ਸਰੀਰਕ ਘੋਲ ਮੁਕਾਬਲਾ ਜੋ ਦਿਨ ਚੜਣ ਤੱਕ ਚੱਲਦਾ ਰਿਹਾ ਉਹ ਯਾਕੂਬ ਦੇ ਆਤਮਿਕ

ਸੰਘਰਸ਼ਾਂ ਦਾ ਵਿਸਥਾਰ ਸੀ।

ਆਪਣੀ ਮਾਂ ਦੀ ਕੁੱਖ ਵਿਚ, ਯਾਕੂਬ ਨੇ ਏਸਾਓ ਦੇ ਨਾਲ ਘੋਲ ਕੀਤਾ ਸੀ (25:22); ਅਤੇ ਜਨਮ ਦੇ ਵੇਲੇ ਉਸ ਨੇ ਆਪਣੇ ਭਰਾ ਦੀ ਅੱਡੀ ਫੜੀ ਹੋਈ ਸੀ (25:26)। ਬਾਅਦ ਵਿਚ, ਯਾਕੂਬ ਨੇ ਏਸਾਓ ਦੀ ਭੁੱਖ ਦਾ ਫਾਇਦਾ ਚੁੱਕਿਆ ਅਤੇ ਦਾਲ ਦੇ ਇੱਕ ਕਟੋਰੇ ਦੇ ਬਦਲੇ ਉਸ ਦੇ ਜੇਠੇ ਹੋਣ ਦੇ ਅਧਿਕਾਰ ਨੂੰ ਖੋਹ ਲਿਆ (25:27-34)। ਆਖਿਰਕਾਰ, ਉਸ ਨੇ ਆਪਣੇ ਅੰਨ੍ਹੇ ਪਿਤਾ ਨੂੰ ਧੋਖਾ ਦਿੱਤਾ ਕਿ ਉਹ ਆਪਣੀਆਂ ਮਰਨ ਦੇ ਸਮੇਂ ਦੀਆਂ ਬਰਕਤਾਂ ਨੂੰ ਉਸ ਦੇ ਉੱਤੇ ਬੋਲੇ ਜੋ ਪਰੰਪਰਾਗਤ ਤੌਰ ਤੇ ਜੇਠੇ ਪੁੱਤਰ ਨੂੰ ਦਿੱਤੀਆਂ ਜਾਂਦੀਆਂ ਸਨ (27:1-41)। ਆਪਣੇ ਭਰਾ ਦੇ ਗੁੱਸੇ ਤੋਂ ਬਚਣ ਦੇ ਲਈ, ਉਹ ਹਾਰਾਨ ਨੂੰ ਭੱਜ ਗਿਆ ਸੀ, ਜਿੱਥੇ ਉਸ ਨੇ ਆਪਣੇ ਧੋਖੇਬਾਜ਼ ਸਹੁਰੇ ਲਾਬਾਨ ਦੇ ਨਾਲ, ਸੰਘਰਸ਼ ਕਰਦੇ ਹੋਏ ਵੀਹ ਸਾਲ ਬਿਤਾਏ ਸਨ। ਹੁਣ ਯਾਕੂਬ ਡਰ ਦੇ ਨਾਲ ਘੋਲ ਕਰ ਰਿਹਾ ਸੀ, ਉਸ ਨੇ ਸੋਚਿਆ ਕਿ ਸ਼ਾਇਦ ਏਸਾਓ ਉਸ ਦੇ ਪਰਿਵਾਰ ਦਾ ਨਾਸ ਕਰ ਦੇਵੇਗਾ ਅਤੇ ਉਹ ਸਭ ਕੁਝ ਲੈ ਲਵੇਗਾ ਜਿਸ ਦੇ ਲਈ ਉਸ ਨੇ ਜੀਵਨ ਭਰ ਕੰਮ ਕੀਤਾ ਸੀ। ਕੀ ਪਰਮੇਸ਼ੁਰ ਨੇ ਯਾਕੂਬ ਦੇ ਨਾਲ ਵਾਇਦਾ ਨਹੀਂ ਕੀਤਾ ਸੀ ਕਿ ਉਹ ਉਸ ਦੇ ਅਤੇ ਉਸ ਦੇ ਪਰਿਵਾਰ ਦੇ ਨਾਲ ਰਹੇਗਾ ਅਤੇ ਉਨ੍ਹਾਂ ਨੂੰ ਸਹੀ ਸਲਾਮਤ ਕਨਾਨ ਵਿਚ ਵਾਪਸ ਲਿਆਵੇਗਾ? ਕੀ ਉਸ ਨੇ ਯਾਕੂਬ ਦੇ ਨਾਲ ਉਸ ਵਾਇਦੇ ਦਾ ਨਵੀਨੀਕਰਣ ਨਹੀਂ ਕੀਤਾ ਜੋ ਉਸ ਨੇ ਅਬਰਾਹਾਮ ਅਤੇ ਇਸਹਾਕ ਦੇ ਨਾਲ ਕੀਤਾ ਸੀ ਕਿ ਧਰਤੀ ਦੇ ਸਾਰੇ ਘਰਾਣੇ ਉਸ ਦੀ ਅੰਸ ਦੇ ਦੁਆਰਾ ਬਰਕਤ ਪਾਉਣਗੇ (28:12-15)? ਹਾਂ, ਉਸ ਨੇ ਕੀਤਾ ਸੀ!

ਫਿਰ, ਕਿਉਂ, ਯਾਕੂਬ ਦਾ ਪੂਰਾ ਜੀਵਨ ਇਸ ਸਮੇਂ ਤੱਕ ਬਹੁਤ ਸਾਰੇ ਦੁਨਿਆਵੀ ਸੰਘਰਸ਼ਾਂ ਨਾਲ ਦਰਸਾਇਆ ਜਾਂਦਾ ਹੈ? ਉਸ ਦੇ ਜੀਵਨ ਭਰ, ਯਾਕੂਬ ਨੇ ਆਤਮਕ ਤੌਰ ਨਾਲ ਪਰਮੇਸ਼ੁਰ ਅਤੇ ਆਪਣੇ ਵਿਸ਼ਵਾਸ ਦੇ ਨਾਲ ਸੰਘਰਸ਼ ਕੀਤਾ ਸੀ। ਉਹ ਉਸ ਕਹਾਣੀ ਨੂੰ ਜਾਣਦਾ ਸੀ ਕਿ ਕਿਵੇਂ ਪਰਮੇਸ਼ੁਰ ਨੇ ਅਬਰਾਹਾਮ ਨੂੰ ਊਰ ਦੇਸ ਤੋਂ ਬੁਲਾਇਆ ਸੀ ਅਤੇ ਉਸ ਨੂੰ ਅਤੇ ਸਾਰਾਹ ਨੂੰ ਕਿਵੇਂ ਬੁਢਾਪੇ ਦੀ ਉਮਰ ਵਿਚ ਇੱਕ ਬੱਚੇ (ਇਸਹਾਕ) ਦੀ ਬਰਕਤ ਦਿੱਤੀ ਸੀ। ਉਸ ਨੇ ਆਪਣੀ ਮਾਂ ਤੋਂ ਸਿੱਖਿਆ ਸੀ ਕਿ ਉਹ ਅਤੇ ਉਸ ਦੇ ਲੋਕ ਏਸਾਓ ਅਤੇ ਉਸ ਦੀ ਸੰਤਾਨ ਉੱਤੇ ਸ਼ਾਸਨ ਕਰਨ ਦੇ ਲਈ ਨਿਯਤ ਕੀਤੇ ਗਏ ਸਨ (25:23)। ਉਹੀ ਸੀ ਜਿਸ ਨੇ ਉਸ ਨੂੰ ਉਤਸਾਹਿਤ ਕੀਤਾ ਸੀ ਕਿ ਉਹ ਉਸ ਦੇ ਵੱਡੇ ਪੁੱਤਰ ਨੂੰ ਕਪਟ ਦੇ ਨਾਲ ਹਟਾ ਕੇ ਅਤੇ ਉਸ ਦੇ ਬਜ਼ੁਰਗ ਪਤੀ ਨੂੰ ਧੋਖਾ ਦੇ ਕੇ ਉਸ ਦੇ ਮਰਨ ਦੇ ਸਮੇਂ ਦੀ ਬਰਕਤ ਉਸ ਦੇ ਵੱਡੇ ਪੁੱਤਰ ਏਸਾਓ ਦੀ ਬਜਾਇ ਆਪ ਲੈ ਲਵੇ, ਜਿਸ ਨੂੰ ਇਸਹਾਕ ਇਹ ਦੇਣਾ ਚਾਹੁੰਦਾ ਸੀ (27:6-17)। ਯਾਕੂਬ ਸ਼ਾਇਦ ਇੱਕ ਦਿਮਾਗੀ ਵਿਸ਼ਵਾਸ (ਬੌਧਿਕ ਵਿਸ਼ਵਾਸ) ਵਿਚ ਵੱਡਾ ਹੋਇਆ ਸੀ, ਪਰ ਉਸ ਨੂੰ ਦਿਲ ਤੋਂ (ਅਸਲੀ ਵਿਸ਼ਵਾਸ) ਨਹੀਂ ਸੀ। ਅਸਲ ਵਿਚ ਉਸ ਨੇ ਆਪਣਾ ਜੀਵਨ ਪਰਮੇਸ਼ੁਰ ਨੂੰ ਸਮਰਪਿਤ ਨਹੀਂ ਕੀਤਾ ਸੀ। ਕਿਉਂਕਿ ਸਾਡੇ ਕੋਲ ਉਸ ਸਮੇਂ ਤੱਕ ਯਾਕੂਬ ਦੀ ਕਿਸੇ ਵੀ ਪ੍ਰਾਰਥਨਾ ਦਾ ਰਿਕਾਰਡ ਨਹੀਂ ਹੈ ਜਦੋਂ ਤੱਕ ਉਸ ਨੇ ਇਹ ਨਹੀਂ ਸੁਣਿਆ ਕਿ ਏਸਾਓ ਆ ਰਿਹਾ ਸੀ, ਇਸ ਤੋਂ ਸਾਨੂੰ ਇਹ ਸਿੱਟਾ ਕੱਢਣਾ ਚਾਹੀਦਾ ਹੈ ਕਿ ਪੁਰਖਾ ਇੱਕ ਪ੍ਰਾਰਥਨਾ ਵਾਲਾ ਆਦਮੀ ਨਹੀਂ ਸੀ। ਉਸ ਨੇ ਹਮੇਸ਼ਾ ਇਹ ਸੋਚ ਕੇ ਆਪਣੇ ਆਪ ਨੂੰ ਭਰਮ ਵਿਚ ਪਾਇਆ ਹੋਇਆ ਸੀ ਕਿ ਉਹ ਆਪਣੀਆਂ ਮੁਸ਼ਕਲਾਂ ਨੂੰ ਯੋਜਨਾਵਾਂ, ਮਨਸੂਬਿਆਂ, ਅਤੇ ਸਖਤ ਮੇਹਨਤ ਦੇ ਨਾਲ ਹੱਲ ਕਰ ਸਕਦਾ ਹੈ।

ਦੁਨਿਆਵੀ ਦ੍ਰਿਸ਼ਟੀਕੋਣ ਤੋਂ, ਬੈਤਏਲ ਵਿਚ ਪਰਮੇਸ਼ੁਰ ਦੇ ਦੁਆਰਾ ਕੀਤਾ ਗਿਆ ਵਾਇਦਾ

ਪੂਰਾ ਕੀਤਾ ਗਿਆ ਸੀ। ਯਾਕੂਬ ਇੱਕ ਅਮੀਰ ਆਦਮੀ ਸੀ। ਪਰ, ਪਰਮੇਸ਼ੁਰ ਦੀਆਂ ਬਰਕਤਾਂ ਵਿਚ ਪਤਨੀਆਂ, ਬੱਚਿਆਂ, ਗੌਲੇ-ਗੌਲੀਆਂ, ਭੇਡਾਂ-ਬੱਕਰੀਆਂ ਅਤੇ ਵੱਗਾਂ ਤੋਂ ਵੱਧ ਕੇ ਕੁਝ ਸ਼ਾਮਲ ਹੁੰਦਾ ਹੈ। ਇਹ ਯਾਕੂਬ ਦੇ ਜੀਵਨ ਦੇ ਵਿਸ਼ੇ ਵਿਚ ਕੁਝ ਮਹੱਤਵਪੂਰਣ ਵਿਸ਼ਿਆਂ ਦੇ ਲਈ ਕੁਸ਼ਤੀ ਕਰਨ ਦਾ ਸਮਾਂ ਸੀ।

32:24 ਵਿਚ ਪੇਸ਼ ਕੀਤਾ ਗਿਆ ਵਿਰੋਧੀ ਇੱਕ ਸ਼ਕਤੀਸ਼ਾਲੀ ਆਦਮੀ ਦੇ ਰੂਪ ਵਿਚ ਰੱਬੀ ਵਿਅਕਤੀ ਸੀ, ਜਦਕਿ ਯਾਕੂਬ, ਜਿਸ ਨੇ ਇੱਕ ਵਾਰ ਵੱਡੀ ਸਰੀਰਕ ਸ਼ਕਤੀ ਦਾ ਪ੍ਰਦਰਸ਼ਣ ਕੀਤਾ ਸੀ (29:10), ਆਤਮਿਕ ਤੌਰ ਤੇ ਕਮਜ਼ੋਰ ਸੀ। ਇਸ ਪ੍ਰਸੰਗ ਵਿਚ ਘੋਲ ਦੇ ਦੋ ਮੁਕਾਬਲੇ ਚੱਲ ਰਹੇ ਸਨ: ਇੱਕ ਬਾਹਰੀ ਅਤੇ ਇੱਕ ਅੰਦਰੂਨੀ। ਜਦਕਿ ਬਾਹਰੀ ਘੋਲ ਦਾ ਮੁਕਾਬਲਾ ਇੱਥੇ ਸ਼ੁਰੂ ਹੋਇਆ ਸੀ, ਪਰ ਪੁਰਖੇ ਦਾ ਅੰਦਰੂਨੀ ਸੰਘਰਸ਼ ਉਸ ਦੇ ਜੀਵਨ ਦੇ ਜ਼ਿਆਦਾਤਰ ਹਿੱਸੇ ਵਿਚ ਚੱਲਦਾ ਆ ਰਿਹਾ ਸੀ। ਯਾਕੂਬ ਫ਼ੈਸਲੇ ਦੇ ਇੱਕ ਬਿੰਦੂ ਤੇ ਪਹੁੰਚ ਗਿਆ ਸੀ। ਉਸ ਨੇ ਇਹ ਸਮਝਣ ਵਿਚ ਕਈ ਸਾਲ ਲਗਾ ਦਿੱਤੇ ਸਨ ਕਿ ਉਹ ਨਾ ਹੀ ਨਿਯੰਤਰਣ ਵਿਚ ਸੀ ਨਾ ਹੀ ਆਤਮ-ਨਿਰਭਰ ਸੀ।

ਯਾਕੂਬ ਨੂੰ ਆਪਣੇ ਆਪ ਦੇ ਨਾਲ ਈਮਾਨਦਾਰ ਹੋਣ ਦੀ ਲੋੜ ਸੀ। ਕਿਸੇ ਦੇ ਵਾਸਤੇ ਇਹ ਮੰਨਣਾ ਸਭ ਤੋਂ ਮੁਸ਼ਕਲ ਕੰਮ ਹੈ ਕਿ ਉਹ ਇੱਕ ਕਮਜ਼ੋਰ ਅਤੇ ਪਾਪੀ ਮਨੁੱਖ ਹੈ। ਸਵਰਗਦੂਤ ਦੇ ਦੁਆਰਾ ਯਾਕੂਬ ਨੂੰ ਇਹ ਪੁੱਛਣ ਦਾ ਸ਼ਾਇਦ ਇਹੋ ਮਤਲਬ ਸੀ, "ਤੇਰਾ ਨਾਉਂ ਕੀ ਹੈ?" (32:27)। ਇਹ ਪੁੱਛ-ਪੜਤਾਲ ਇਹ ਪੁੱਛਣ ਦਾ ਇੱਕ ਤਰੀਕਾ ਸੀ - ਕਿ ਕੀ ਉਹ ਆਪਣੇ ਨਾਮ ਦੇ ਮੁਤਾਬਕ - ਇੱਕ ਯੋਜਨਾ ਬਣਾਉਣ ਵਾਲੇ ਅਤੇ ਧੋਖੇਬਾਜ਼, ਇੱਥੋਂ ਤੱਕ ਕਿ ਆਪਣੇ ਆਪ ਨੂੰ ਧੋਖਾ ਦੇਣ ਵਾਲੇ ਦੇ ਰੂਪ ਵਿਚ ਜੀਵਨ ਗੁਜ਼ਾਰਨਾ ਜਾਰੀ ਰੱਖੇਗਾ। ਵਿਕਲਪ ਇਹ ਸਵੀਕਾਰ ਕਰਨਾ ਸੀ ਕਿ ਉਹ ਕੀ ਸੀ, ਪ੍ਰਭੂ ਨੂੰ ਸਮਰਪਿਤ ਹੋਣਾ, ਅਤੇ ਆਪਣੇ ਆਪ ਨੂੰ ਪਰਮੇਸ਼ੁਰ ਦੇ ਦੁਆਰਾ ਉਸ ਵਿਅਕਤੀ ਦੇ ਰੂਪ ਵਿਚ ਪੁਨਰ-ਨਿਰਮਾਣ ਕਰਨ ਦੀ ਇਜਾਜ਼ਤ ਦੇਣਾ ਸੀ ਜਿਸ ਦੀ ਵੰਸ਼ਾਵਲੀ ਪੂਰੀ ਦੁਨੀਆਂ ਦੇ ਲਈ ਬਰਕਤ ਦਾ ਕਾਰਣ ਬਣ ਸਕਦੀ ਹੋਵੇ।

ਵਚਨਾਂ ਵਿਚ, ਇੱਕ ਨਵਾਂ ਨਾਮ ਪ੍ਰਾਪਤ ਕਰਨਾ ਇੱਕ ਨਵੀਂ ਸ਼ੁਰੂਆਤ ਅਤੇ ਨਵੀਂ ਕਿਸਮਤ ਨੂੰ ਦਰਸਾਉਂਦਾ ਹੈ (17:4, 5, 15, 16; ਗਿਣਤੀ 13:16; ਯੂਹੰਨਾ 1:40-42)। ਪਰਮੇਸ਼ੁਰ ਨੇ ਪੁਰਖੇ ਨੂੰ ਜੋ ਨਵਾਂ ਨਾਮ ਦਿੱਤਾ ਉਹ "ਇਸਰਾਏਲ" ਸੀ। ਨਵੇਂ ਨਾਮ ਦੇ ਅਰਥ ਨੂੰ ਸਮਝਣਾ ਮੁਸ਼ਕਲ ਹੈ ਕਿਉਂਕਿ ਇਹ ਯਾਕੂਬ ਦਾ ਉਲੇਖ ਵੀ ਕਰ ਸਕਦਾ ਹੈ, ਜਿਸ ਨੇ ਪ੍ਰਭੂ ਦੇ ਨਾਲ "ਘੋਲ ਕੀਤਾ" ਜਾਂ ਪਰਮੇਸ਼ੁਰ ਦਾ, ਜੋ ਯਾਕੂਬ ਦੇ ਉੱਤੇ "ਪਰਬਲ ਹੋਣ ਵਾਲੇ" ਪਰਮੇਸ਼ੁਰ ਨੂੰ ਦਰਸਾਉਂਦਾ ਹੈ। ਇਹ ਅਸਪੱਸ਼ਟ ਹੈ ਕਿਉਂਕਿ ਯਾਕੂਬ ਸਿਰਫ ਉਸ ਸਮੇਂ ਜਿੱਤ ਗਿਆ ਸੀ ਜਦੋਂ ਉਹ ਪਰਮੇਸ਼ੁਰ ਸਮਰਪਿਤ ਹੋਣ ਦੀ ਇੱਛਾ ਰੱਖਦਾ ਸੀ ਅਤੇ ਉਸ ਨੂੰ ਆਪਣੇ ਜੀਵਨ ਤੇ ਪਰਬਲ ਹੋਣ ਦੀ ਇਜਾਜ਼ਤ ਦੇ ਰਿਹਾ ਸੀ। ਯਾਕੂਬ ਉਸ ਸਮੇਂ ਸਰੀਰਕ ਯੁੱਧ ਹਾਰ ਗਿਆ ਸੀ ਜਦੋਂ ਸਵਰਗਦੂਤ ਨੇ ਉਸ ਦੇ ਪੱਟ ਦੀ ਨਸ ਨੂੰ ਕੱਢ ਦਿੱਤਾ ਅਤੇ ਉਸ ਨੂੰ ਲੰਗੜਾਉਂਦਾ ਹੋਇਆ ਛੱਡ ਗਿਆ, ਪਰ ਉਸ ਨੇ ਆਤਮਿਕ ਯੁੱਧ ਨੂੰ ਜਿੱਤ ਲਿਆ ਅਤੇ ਵਿਸ਼ਵਾਸ ਦੇ ਯੋਧਿਆਂ ਵਿਚੋਂ ਇੱਕ ਹੋ ਗਿਆ (ਇਬਰਾਨੀਆਂ 11:21)।

*ਸਿੱਟਾ।* ਯਾਕੂਬ ਦੇ ਰਾਹੀਂ ਅਨੁਭਵ ਕੀਤੀ ਗਈ ਰੂਪਾਂਤਰਣ ਦੀ ਇਹ ਪ੍ਰਕਿਰਿਆ ਅੱਜ ਇੱਕ ਗਤੀਸ਼ੀਲ ਮਸੀਹੀ ਜੀਵਨ ਦਾ ਭੇਤ ਹੈ। ਉਦਾਹਰਣ ਦੇ ਤੌਰ ਤੇ, ਤਰਸੁਸ ਦੇ ਸੌਲੁਸ ਨੇ ਯਿਸੂ ਦੇ ਨਾਮ ਨੂੰ ਬਦਨਾਮ ਕਰਨ ਅਤੇ ਉਸ ਦੇ ਮੰਨਣ ਵਾਲਿਆਂ ਨੂੰ ਨਾਸ ਕਰਨ ਦੇ ਲਈ ਸਭ ਕੁਝ

ਕੀਤਾ; ਪਰ ਫਿਰ ਉਹ ਦੰਮਿਸਕ ਦੇ ਰਾਹ ਤੇ ਯਿਸੂ ਨੂੰ ਮਿਲਿਆ। ਬਿਲਕੁਲ ਜਿਵੇਂ ਯਾਕੂਬ ਨੂੰ ਲੰਗੜਾ ਛੱਡ ਦਿੱਤਾ ਗਿਆ ਸੀ, ਉਸੇ ਤਰ੍ਹਾਂ ਸੌਲੁਸ ਨੇ ਵੀ ਤਿੰਨਾਂ ਦਿਨਾਂ ਤੱਕ ਸਰੀਰਕ ਅੰਨ੍ਹੇਪਣ ਨੂੰ ਸਹਿਆ; ਉਸ ਸ਼ਰਮਨਾਕ ਹਾਰ ਦੇ ਦੁਆਰਾ, ਆਖਿਰਕਾਰ ਉਹ ਜੇਤੂ ਹੋ ਗਿਆ। ਯਾਕੂਬ ਦੇ ਵਾਂਗ, ਉਸ ਨੇ ਵੀ ਅਧੀਨਗੀ ਦੇ ਦੁਆਰਾ ਆਪਣੀ ਜਿੱਤ ਨੂੰ ਹਾਸਲ ਕੀਤਾ। ਦੰਮਿਸਕ ਸ਼ਹਿਰ ਵਿਚ, ਉਹ ਹਨਾਨਿਯਾਹ ਕੋਲ ਗਿਆ, ਜਿਸ ਨੇ ਉਸ ਨੂੰ ਮੁੜ ਸੁਜਾਖਾ ਕਰ ਦਿੱਤਾ (ਵੇਖੋ ਰਸੂਲਾਂ ਦੇ ਕਰਤੱਬ 9:12) ਅਤੇ ਉਸ ਨੂੰ ਕਿਹਾ,

> ਸਾਡੇ ਵੱਡਿਆਂ ਦੇ ਪਰਮੇਸ਼ੁਰ ਨੇ ਤੈਨੂੰ ਠਹਿਰਾਇਆ ਹੈ ਜੋ ਤੂੰ ਉਹ ਦੀ ਮਰਜ਼ੀ ਨੂੰ ਜਾਣੇ ਅਤੇ ਉਸ ਧਰਮੀ ਨੂੰ ਵੇਖੇਂ ਅਤੇ ਉਦ ਦੇ ਮੂੰਹ ਦਾ ਸ਼ਬਦ ਸੁਣੇਂ। ਕਿਉਂ ਜੋ ਉਸੇ ਦੇ ਲਈ ਤੂੰ ਸਭ ਮਨੁੱਖਾਂ ਦੇ ਅੱਗੇ ਉਨ੍ਹਾਂ ਗੱਲਾਂ ਦਾ ਗਵਾਹ ਹੋਵੇਂਗਾ ਜਿਹੜੀਆਂ ਤੈਂ ਵੇਖੀਆਂ ਅਤੇ ਸੁਣੀਆਂ ਹਨ। ਹੁਣ ਤੂੰ ਕਿਉਂ ਢਿੱਲ ਕਰਦਾ ਹੈਂ? ਉੱਠ ਅਤੇ ਉਹ ਦਾ ਨਾਮ ਲੈਂਦਾ ਹੋਇਆ ਬਪਤਿਸਮਾ ਲੈ ਅਤੇ ਆਪਣੇ ਪਾਪ ਧੋ ਸੁੱਟ (ਰਸੂਲਾਂ ਦੇ ਕਰਤੱਬ 22:14-16)।

ਸੌਲੁਸ ਨੇ ਦੇਰ ਨਹੀਂ ਕੀਤਾ, ਪਰ ਉਸੇ ਵੇਲੇ ਇਸ ਸੰਦੇਸ਼ ਦੀ ਪਾਲਣਾ ਕੀਤੀ ਜੋ ਪਰਮੇਸ਼ੁਰ ਵੱਲੋਂ ਆਇਆ ਸੀ। ਇਸ ਤਜ਼ਰਬੇ ਤੋਂ ਬਾਅਦ, ਉਸ ਨੂੰ ਇੱਕ ਨਵਾਂ ਅਹੁਦਾ ਮਿਲਿਆ - "ਮਸੀਹ ਯਿਸੂ ਦਾ ਰਸੂਲ" (2 ਕੁਰਿੰਥੀਆਂ 1:1) - ਅਤੇ ਉਹ ਇੰਜੀਲ ਦੇ ਵਿਰਤਾਂਤ ਦਾ ਇੱਕ ਮਹਾਨ ਪ੍ਰਚਾਰਕ ਬਣਿਆ। ਉਸ ਦਾ ਜੀਵਨ ਪੂਰੀ ਤਰ੍ਹਾਂ ਨਾਲ ਬਦਲ ਗਿਆ ਕਿਉਂਕਿ ਉਸ ਨੂੰ ਮਸੀਹ ਦੇ ਪ੍ਰੇਮ ਨੇ ਮਜ਼ਬੂਰ ਕੀਤਾ ਕਿ ਉਹ ਇੱਕ ਨਵਾਂ ਮਨੁੱਖ ਬਣੇ। ਉਹ ਅਗਾਂਹ ਤੋਂ ਆਪਣੇ ਲਈ ਨਹੀਂ, ਸਗੋਂ ਦੂਜਿਆਂ ਦੇ ਲਈ ਜੀਉਂਦਾ ਸੀ (2 ਕੁਰਿੰਥੀਆਂ 5:14, 15; ਫ਼ਿਲਿੱਪੀਆਂ 2:3-11)। ਪੌਲੁਸ ਦੇ ਵਾਂਗ, ਅਸੀਂ "ਹੱਦੋਂ ਵਧ ਫਤਹ" ਪਾਉਂਦੇ ਹਾਂ (ਰੋਮੀਆਂ 8:37) ਪਰ ਸਿਰਫ ਉਦੋਂ ਜਦੋਂ ਅਸੀਂ ਮਸੀਹ ਨੂੰ ਆਪਣੇ ਵਿਚ ਜਿੱਤਣ ਦੀ ਇਜਾਜ਼ਤ ਦਿੰਦੇ ਹਾਂ। ਜਦੋਂ ਪ੍ਰਭੂ ਯਿਸੂ ਮਸੀਹ ਦੀ ਇੰਜੀਲ ਦੇ ਵਿਰਤਾਂਤ ਦੇ ਦੁਆਰਾ ਆਪਣੇ ਆਪ ਨੂੰ ਸਾਡੇ ਉੱਤੇ ਪਰਗਟ ਕਰਦਾ ਹੈ, ਤਾਂ ਉਸ ਦਾ ਇਰਾਦਾ ਹੁੰਦਾ ਹੈ ਕਿ ਅਸੀਂ ਇੱਕ ਨਵਾਂ ਨਾਮ ਲਈਏ ਜਿਸ ਵਿਚ ਚਰਿੱਤਰ ਅਤੇ ਜੀਵਨ ਵਿਚ ਇੱਕ ਪਰਿਵਰਤਨ ਸ਼ਾਮਲ ਹੋਵੇ (2 ਕੁਰਿੰਥੀਆਂ 3:17, 18; ਅਫ਼ਸੀਆਂ 4:22-24)। ਪਹਿਲੀ ਸਦੀ ਵਿਚ, ਜਿਨ੍ਹਾਂ ਲੋਕਾਂ ਨੂੰ "ਮਸੀਹੀ" ਕਿਹਾ ਜਾਂਦਾ ਸੀ ਉਨ੍ਹਾਂ ਤੋਂ ਮਸੀਹ ਵਰਗੇ ਜੀਵਨ ਦੀ ਆਸ ਕੀਤੀ ਜਾਂਦੀ ਹੈ (1 ਪਤਰਸ 4:14-16); ਅਤੇ ਚੁਣੌਤੀ ਅੱਜ ਸਾਡੇ ਲਈ ਉਹੀ ਹੈ।

---

ਟਿੱਪਣੀਆਂ

[1]ਪਹਿਲੇ ਬਿਆਨ ਦੀ ਤੁਲਨਾ ਕਰੋ "ਪਰਮੇਸ਼ੁਰ ਦੇ ... ਡੇਉਢੀ ਹੈ" (28:17)। [2]ਸਧਾਰਣ ਰੀਤਿ ਨਾਲ ਬੋਲਦੇ ਹੋਏ, ਮਹਨਾਯਿਮ ਗਿਲਆਦ ਵਿਚ (31:25), ਯੱਬੋਕ ਨਦੀ ਦੇ ਨੇੜੇ ਸੀ (32:22)। ਇਹ ਬਾਅਦ ਵਿਚ ਇਹ ਗਾਦ ਦੇ ਜਾਤੀ ਭਾਗ ਦਾ ਇੱਕ ਹਿੱਸਾ ਬਣ ਗਿਆ (ਯਹੋਸ਼ੁਆ 13:26; 21:38)। ਇਸਰਾਈਲ ਦੇ ਸੰਯੁਕਤ ਰਾਜ ਦੇ ਸਮੇਂ ਉੱਥੇ ਕਈ ਅਹਿਮ ਘਟਨਾਵਾਂ ਹੋਈਆਂ (2 ਸਮੂਏਲ 2:8, 9; 17:24, 27; 18:33; 19:32; 1 ਰਾਜਿਆਂ 4:14)। [3]ਪਹਿਲਾਂ, ਜਦੋਂ ਪਰਮੇਸ਼ੁਰ ਬੈਤਏਲ ਵਿਚ ਯਾਕੂਬ ਤੇ ਪਰਗਟ ਹੋਇਆ ਸੀ, ਉਸ ਨੇ ਭਰੋਸਾ ਦਿਵਾਇਆ ਕਿ ਉਹ ਉਸ ਦੇ ਨਾਲ ਹੋਵੇਗਾ ਅਤੇ ਉਸ ਨੂੰ ਉਸ ਦੀ ਵਿਰਾਸਤ ਦੀ ਧਰਤੀ ਤੇ ਵਾਪਸ ਲੈ ਜਾਵੇਗਾ (28:15)। [4]ਐਡਵਿਨ ਯਾਮੂਚੀ, "חָן," *TWOT* ਵਿਚ, 1:303. [5]ਯਰਦਨ ਦੀ ਘਾਟੀ ਦੇ ਮਸੋਪੋਟਾਮੀਅਨ ਹਮਲਾਵਾਰਾਂ ਦੇ ਖਿਲਾਫ਼ ਅਬਰਾਹਾਮ ਦੀ ਸੈਨਾ ਵਿਚ ਸਿਰਫ 318 ਯੋਧਾ ਸਨ (14:14)। [6]ਬਰੂਸ ਕੇ. ਵਾਟਕੇ ਦੇ ਅਨੁਸਾਰ, ਬੈਤਏਲ ਵਿਚ ਯਾਕੂਬ ਦੀ ਸਹੁੰ (28:20-22)

"ਪ੍ਰਾਰਥਨਾ ਦੇ ਰੂਪ ਵਿਚ ਤਿਆਰ ਨਹੀਂ ਕੀਤੀ ਗਈ ਸੀ" (ਬਰੂਸ ਕੇ-ਵਾਟਕੇ, *ਜੇਨੇਸਿਸ: ਏ ਕਮੈਂਟਰੀ* [ਗ੍ਰੈਂਡ ਰੈਪਿਡਸ, ਮਿਸ਼ੀਗਨ: ਜੋਂਡੇਰਵਨ ਪਬਲਿਸ਼ਿਰਜ਼, 2001], 443, ਐਨ 199)। [7]ਅਸਲ ਵਿਚ, ਅਬਰਾਹਾਮ ਯਾਕੂਬ ਦਾ ਦਾਦਾ ਸੀ, ਪਰ ਲੋਕਾਂ ਦੇ ਪੁਰਖੇ ਦਾ ਉਲੇਖ ਕਰਨ ਦਾ ਬਾਈਬਲ ਦਾ ਤਰੀਕਾ ਉਸ ਨੂੰ "ਪਿਤਾ" ਕਹਿਣਾ ਸੀ (ਵੇਖੋ ਮੱਤੀ 3:9; ਲੂਕਾ 16:24; ਯੂਹੰਨਾ 8:53, 56)। [8]ਯਾਕੂਬ ਦੇ ਨਜ਼ਰਾਨੇ ਨੂੰ ਤਿਆਰ ਕਰਨ ਵਾਲੇ ਜਾਨਵਰਾਂ ਦੀ ਸੰਖਿਆ "ਬਾਅਦ ਦੇ ਸਮਿਆਂ ਵਿਚ ਵੀ ਕਈ ਕਸਬਿਆਂ ਦੇ ਦੁਆਰਾ ਜੇਤੂ ਰਾਜਿਆਂ ਨੂੰ ਦਿੱਤੀ ਜਾਣ ਵਾਲੀ ਸ਼ਰਧਾਜਲੀ ਤੋਂ ਵੀ ਵੱਡੀ ਸੀ" (ਜੌਨ ਐੱਚ. ਵਾਲਟਨ, "ਜੇਨੇਸਿਸ," *ਜੋਂਡੇਰਵਨ ਇਲਸਟ੍ਰੇਟਡ ਬਾਈਬਲ ਬੈਕਗਰਾਊਂਡਸ ਕਮੈਂਟਰੀ* ਵਿਚ, ਜਿਲਦ 1, *ਜੇਨੇਸਿਸ, ਐਕਸਡਸ, ਲੈਵੀਟੀਕਸ, ਨੰਬਰਜ਼, ਡਿਊਟਰੋਨੋਮੀ*, ਸੋਧ ਜੌਨ ਐੱਚ. ਵਾਲਟਨ [ਗ੍ਰੈਂਡ ਰੈਪਿਡਸ, ਮਿਸ਼ੀਗਨ: ਜੋਂਡੇਰਵਨ, 2009], 115)। [9]ਆਰ. ਲੇਅਰਡ ਹੈਰਿਸ, "כָּפַר," *TWOT* ਵਿਚ, 1:452. [10]ਫਰਾਂਸਿਸ ਬਰਾਊਨ, ਐਸ. ਆਰ. ਡਰਾਈਵਰ, ਅਤੇ ਚਾਰਲਸ ਏ. ਬ੍ਰਿਗਜ਼, *ਏ ਹਿਬਰਿਊ ਐਂਡ ਇੰਗਲਿਸ਼ ਲੈਕਸੀਕਾਨ ਆਫ਼ ਦ ਓਲਡ ਟੈਸਟਾਮੈਂਟ* (ਓਕਸਫੋਰਡ: ਕਲਾਰੇਂਡੋ ਪ੍ਰੈੱਸ, 1962), 496.

[11]ਜੌਨ ਟੀ. ਵਿਲੀਜ਼, *ਜੇਨੇਸਿਸ*, ਦ ਲਿਵਿੰਗ ਵਰਡ ਕਮੈਂਟਰੀ (ਔਸਟਿਨ, ਟੈਕਸਾਸ: ਸਵੀਟ ਪਬਲਿਸ਼ਿੰਗ ਕੰਪਨੀ, 1979), 357-58. [12]ਵਾਲਟਕੇ, 445. [13]ਰੋਨਾਲਡ ਯੰਗਬਲੱਡ ਨੇ 32:22, 24 ਦੇ ਸ਼ਬਦਜੋੜ ਵੱਲ ਧਿਆਨ ਦੁਆਇਆ: "ਪਰਮੇਸ਼ੁਰ ਨੇ ਯੱਬੋਕ (*ਯਾਬੋਕ*) ਤੇ ਯਾਕੂਬ (*ਯਾਕੂਬ*) ਦੇ ਨਾਲ ਘੋਲ (*ਯੇਬੇਕ ਕੀਤਾ)*" (ਰੋਨਾਲਡ ਯੰਗਬਲੱਡ, ਉਤਪਤ ਦੇ ਵਿਸ਼ੇ ਤੇ ਨੋਟਸ, *ਦ NIV ਸਟੱਡੀ ਬਾਈਬਲ,* ਸੋਧ ਕੇਨੇਥ ਬਾਰਕਰ [ਗ੍ਰੈਂਡ ਰੈਪਿਡਸ, ਮਿਸ਼ੀਗਨ: ਜੋਂਡੇਰਵਨ ਪਬਲਿਸ਼ਿੰਗ ਹਾਊਸ, 1985], 56)। [14]ਈ. ਏ. ਸਪੀਜ਼ਰ, *ਜੇਨੇਸਿਸ*, ਦ ਐਂਕਰ ਬਾਈਬਲ, ਜਿਲਦ 1 (ਗਾਰਡਨ ਸਿਟੀ, ਨਿਊ ਯਾਰਕ: ਡਬਲਡੇਅ ਐਂਡ ਕੰਪਨੀ, 1964), 255. ਅਨੁਵਾਦ ਦੇ ਦੋ ਹੋਰ ਵਿਕਲਪ, "ਐੱਲ [ਪਰਮੇਸ਼ੁਰ] ਰਾਜ ਕਰੇਗਾ (ਜਾਂ ਕੋਸ਼ਿਸ਼)" ਅਤੇ "ਐੱਲ [ਪਰਮੇਸ਼ੁਰ] ਨੂੰ ਸ਼ਾਸਨ ਕਰਨ ਦਿਓ," ਵਿਕਟਰ ਪੀ. ਹਮਿਲਟਨ ਵਿਚ ਦਿੱਤੇ ਗਏ ਹਨ, *ਦ ਬੁੱਕ ਆਫ਼ ਜੇਨੇਸਿਸ: ਅਧਿਆਇ 18-50,* ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦੀ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਡਰਮੈਂਸ ਪਬਲਿਸ਼ਿੰਗ ਕੰਪਨੀ, 1995), 334. [15]ਹਮਿਲਟਨ, 336. [16]ਕੇਨੇਥ ਏ. ਮੈਥਿਊ, *ਜੇਨੇਸਿਸ 11:27-50:26*, ਦ ਨਿਊ ਅਮੇਰੀਕਨ ਕਮੈਂਟਰੀ, ਜਿਲਦ 1 (ਨੈਸ਼ਵਿਲ: ਬਰੋਡਮੈਨ ਐਂਡ ਹੌਲਮੈਨ ਪਬਲਿਸ਼ਰਜ਼, 2005), 560. [17]ਉਸੇ ਸਥਾਨ ਤੇ, 561. [18]ਡਬਲਿਯੂ. ਜੇ. ਹਿਊਸਟਨ, *ਡਿਕਸ਼ਨਰੀ ਆਫ਼ ਦੀ ਓਲਡ ਟੈਸਟਾਮੈਂਟ* ਵਿਚ "ਫੂਡਸ, ਕਲੀਨ ਐਂਡ ਅਨਕਲੀਨ," *ਪੈਂਟਾਟਿਊਕ*, ਸੋਧ ਟੀ. ਡੇਸਮੂੰਡ ਐਲੇਗਜ਼ੇਂਡਰ ਅਤੇ ਡੇਵਿਡ ਡਬਲਿਯੂ. ਬੇਕਰ (ਡੋਨਰਸ ਗਰੂਵ, ਇਲੀਨੋਇਸ: ਇੰਟਰਵਰਸਿਟੀ ਪ੍ਰੈਸ, 2003), 332. [19]ਜੋਸੇਫੁਸ ਪਹਿਲੀ ਸਦੀ ਮਸੀਹ ਤੋਂ ਪਹਿਲਾਂ ਵਿਚ ਇਸ ਅਭਿਆਸ ਦੇ ਲਈ ਗਵਾਹ ਹੈ (*ਐਂਟੀਕਿਊਟੀਸ* 1.20.2), ਅਤੇ ਮਿਸ਼ਨਾਹ ਵਿਚ ਇਸ ਦੇ ਸੰਬੰਧ ਵਿਚ ਕਈ ਨਿਯਮ ਸ਼ਾਮਲ ਹਨ (*ਹੁਲਿਨ* 7:1-6)। ਇੱਥੋਂ ਤੱਕ ਕਿ ਅੱਜ ਵੀ, ਰੂੜੀਵਾਦੀ ਯਹੂਦੀ ਪੱਟ ਦੀ ਨਸ ਖਾਣ ਤੋਂ ਪਰਹੇਜ਼ ਕਰਦੇ ਹਨ। [20]ਅਸਲ ਵਿਚ, 35:27-29 ਦੇ ਅਨੁਸਾਰ, ਇਸਹਾਕ ਇਸ ਸਮੇਂ ਤੋਂ ਕੁਝ ਸਮੇਂ ਬਾਅਦ ਤੱਕ ਨਹੀਂ ਮਰਿਆ ਸੀ।